# ਵਰਿਆਮ

ਜੂਨ ੧੯੮੦

੧/੫੦



Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਮਾਸਕ **ਵਰਿਆਮ**

ਜੂਨ ੧੯੮੦

ਜਿਲਦ ਨੰ: ੫ ਅੰਕ ਨੰ: ੮

ਸੰਪਾਦਕ ਜਗਦੀਸ਼ ਸਿੰਘ

## ਮੁਖ ਪੰਨੇ ਦਾ ਚਿਤਰ

ਸੈਲਾਨੀਆਂ ਦੇ ਬਹਿਸ਼ਤ ਮਨੀ ਕਰਨ (ਕੁਲੂ ਵਾਦੀ) ਵਿਖੇ ਪਹਾੜਾਂ ਚੋਂ ਵਿਚਰਦੇ ਬਿਆਸ ਦਰਿਆ ਦਾ ਦ੍ਰਿਸ਼।

ਫੋਟੋ : ਪ੍ਰੀਤਮ ਸਿੰਘ ਕਵੀ

ਮੁੱਲ ਪ੍ਰਤੀ ਕਾਪੀ : ੧-੫੦ ਰੁਪਿਆ

ਸਾਲਾਨਾ ਚੰਦਾ ਦੇਸ : ੧੫ ਰੁਪਏ

" " ਵਿਦੇਸ਼ : ੩੦ ਰੁਪਏ (ਸਮੁੰਦਰੀ ਡਾਕ ਰਾਹੀਂ)

" " ਵਿਦੇਸ਼ : ੧੦੦ ਰੁਪਏ (ਹਵਾਈ ਡਾਕ ਰਾਹੀਂ)

ਤਾਹੀਰ ਮੈਂਬਰਸ਼ਿਪ : ੨੦੦ ਰੁਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧.
ਫੋਨ : ੭੨੫੦੪ ਪੀ. ਪੀ.

Office Address
Monthly WARIAM
(Punjabi)
Ladowali Road
Jullundur-144001
Phone : 72504 P.P.

## ਸੰਪਾਦਕੀ

ਇਸ ਵਾਰ ਕੁਝ ਐਸਾ ਚੱਕਰ ਚਲਿਆ ਹੈ ਕਿ ਟਿਕ ਕੇ ਦਫਤਰ ਬੈਠਿਆ ਹੀ ਨਹੀਂ ਗਿਆ ਅਤੇ ਹਥਲੇ ਅੰਕ ਦੀ ਤਿਆਰੀ ਵਾਸਤੇ ਸਮਾਂ ਅਤੇ ਇਕਾਗਰਤਾ ਤਾਂ ਕਿਤੇ ਰਿਹਾ ਬਹੁਤ ਦੌੜ ਭੱਜ ਅਤੇ ਖਾਸੀ ਬੇ-ਧਿਆਨੀ ਵਿਚ ਹੀ ਵਿਚਰਨਾ ਪਿਆ ਹੈ। ਇਸੇ ਕਰਕੇ ਇਸ ਦੀ ਤਰਤੀਬ ਅਤੇ ਸੰਪਾਦਨਾ ਵਿਊਂਤ ਅਨੁਸਾਰ ਨਹੀਂ ਹੋ ਸਕੀ। ਤੁਹਾਡੇ ਹਥਾਂ ਵਿਚ ਪਰਚਾ ਲੇਟ ਆ ਰਿਹਾ ਹੈ ਪਰ ਅਸੀਂ ਕਾਹਲੀ ਵਿਚ ਕੱਢਿਆ ਹੈ

ਇਸ ਅੰਕ ਵਿਚ ਪੰਜਾਬੀ ਦੇ ਪ੍ਰਸਿਧ ਕਹਾਣੀ ਕਾਰ ਰਾਮ ਸਰੂਪ ਅਣਖੀ ਦਾ ਰੇਖਾ ਚਿਤਰ ਉਸ ਦੀ ਪ੍ਰਤੀ ਨਿਧ ਕਹਾਣੀ ਅਤੇ ਉਸ ਤੋਂ ਪਹਿਲਾਂ ਉਸ ਕਹਾਣੀ ਦੀ ਕਹਾਣੀ ਦੇ ਰਹੇ ਹਾਂ। ਆਸ ਹੈ ਪਾਠਕ ਪਿਛਲੇ ਅੰਕ ਵਾਂਗ ਇਸ ਸਿਲਸਲੇ ਦਾ ਸੁਆਗਤ ਕਰਨਗੇ। ਪ੍ਰੀਤਮ ਸਿੰਘ ਕਵੀ ਜੀ ਦੀਆਂ ਲੜੀਵਾਰ "ਪੈੜਾਂ", ਜ਼ਿੰਦਗੀ ਦੇ 'ਵਗਦੇ ਪਾਣੀ', 'ਸਾਡੇ ਰਿਸ਼ੀ; ਕਾਂਗ ਦਾ ਲਲਿਤ ਨਿਬੰਧ, ਵਿਕਟਰ ਹਿਊਗੋ ਬਾਰੇ ਸੋਵੀਅਤ ਵਿਦਵਾਨ ਦਾ ਲੇਖ ਇਤਿਆਦਕ ਸਮਗਰੀ ਪੇਸ਼ ਕਰ ਸਕੇ ਹਾਂ।

ਆਸ ਕਰਦੇ ਹਾਂ ਕਿ ਸਾਡੀਆਂ ਤਰੁਟੀਆਂ ਨੂੰ ਸਾਡੇ ਪਾਠਕ ਅਤੇ ਸੁਹਿਰਦ ਲੇਖਕ ਮਾਫ ਕਰਨਗੇ ਕਿਉਂ ਕਿ ਉਹਨਾਂ ਨੂੰ ਸਾਡੀਆਂ ਸੀਮਾਵਾਂ ਦਾ ਪਤਾ ਹੈ।

—ਜਗਦੀਸ਼ ਸਿੰਘ

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



Sri Satguru Jagjit Singh Ji Elibrary NamdhariElibrary@gmail.com

ਰੇਖਾ ਚਿਤਰ : ਰਾਮ ਸਰੂਪ ਅਣਖੀ

# ਰੋਹੀ ਦਾ ਜੰਡ

—ਡਾ: ਅਮਰ ਕੋਮਲ

ਉਹ ਮਾਲਵੇ ਦੇ ਟਿੱਬਿਆਂ ਵਿਚ ਵਸਦੇ ਪਿੰਡ ਧੌਲਾ ਦਾ ਜੰਮਪਲ ਹੈ। ਉਹ ਜੱਟ ਬਾਹਮਣ ਹੈ। ਸੁਭਾਅ ਤੋਂ ਵੀ ਜੱਟ! ਰਹਿਣੀ ਤੋਂ ਵੀ ਜੱਟ। ਏਸੇ ਲਈ ਉਸ ਨੂੰ ਆਪਣੇ ਪਿੰਡ ਦੀ ਜ਼ਮੀਨ ਦਾ ਮਾਣ ਹੈ। ਸਿਰ ਉੱਚਾ ਕਰਕੇ ਜਦ ਜ਼ਮੀਨ ਦੀ ਗੱਲ ਕਰਦਾ ਹੈ, ਤਾਂ ਜੱਟ ਹੀ ਤਾਂ ਜਾਪਦਾ ਹੈ। ਪਰ ਇੰਜ ਹੈ ਨਹੀਂ। ਬਾਹਮਣ ਘਰ ਪੈਦਾ ਹੋਇਆ ਪਿੰਡ ਵਿਚ ਪਲਿਆ ਤੇ ਬਹੁਤੀ ਉਮਰ ਪੇਂਡੂਆਂ ਦੇ ਨੇੜੇ ਰਹਿਕੇ ਲੰਘਾਉਣ ਵਾਲਾ ਅਣਖੀ ਇਕ ਅਜਿਹਾ ਕਹਾਣੀਕਾਰ ਹੈ ਜਿਸ ਨੇ ਪਿੰਡ ਦੇ ਲੋਕਾਂ ਸੰਬੰਧੀ ਵਧੇਰੇ ਕਹਾਣੀਆਂ ਪਿੰਡਾਂ ਵਿਚ ਰਹਿਕੇ ਲਿਖੀਆਂ ਹਨ।

ਅਣਵੇਖੇ ਅਣਖੀ ਦੀ ਤਸਵੀਰ ਤੁਹਾਡੇ ਮਨ ਵਿਚ ਹੋਰ ਹੋਵੇਗੀ। ਸਾਹਿਤ ਕਾਰਾਂ ਵਰਗਾ ਸਰੂਪ ਤਾਂ ਉਹ ਲਗਦਾ ਨਹੀਂ। ਨਾ ਹੱਥ ਕਲਾਕਾਰਾਂ ਵਰਗੇ। ਨਾ ਚੇਹਰਾ। ਸਿਰ ਦੇ ਵਾਲ ਕੱਟੇ ਹੋਏ ਤੇ ਦਾੜ੍ਹੀ ਵੀ ਲੋੜ ਅਨੁਸਾਰ ਕਾਬੂ ਵਿਚ ਕੀਤੀ ਹੋਈ। ਨਿਰਾ ਪੇਂਡੂ-ਜੱਟ ਬਾਹਮਣ। ਹਲੀਮੀ ਵਾਲਾ, ਘੱਟ ਬੋਲਣ ਵਾਲਾ, ਓਪਰਾ ਓਪਰਾ। ਉਸ ਦਾ ਰੰਗ ਪੱਕਾ ਹੈ। ਜਿਲਦ ਸਖਤ ਹੱਡ-ਪੈਰ ਮੋਕਲੇ; ਦਿਲ ਦਿਮਾਗ ਖੁਲ੍ਹਾ ਸੁਭਾ ਨਰਮ ਵੀ, ਗਰਮ ਵੀ। ਜਦ ਲਾਚੜਿਆ ਹੋਵੇ ਜਾਂ ਗੁਸੇ ਵਿਚ, ਖੁਲ੍ਹੀ ਠੰਡੀ ਅਜਿਹੀ ਗਾਲ੍ਹ ਕਢਦਾ ਹੈ ਕਿ ਉਸ ਦਾ ਮੂੰਹ ਤਾਂ ਸੁਖ ਨਾਲ ਭਰ ਹੀ ਜਾਂਦਾ ਹੈ। ਸੁਣਨ ਵਾਲੇ ਨੂੰ ਵੀ ਸੁਆਦ ਆ ਜਾਂਦਾ ਹੈ।

ਲਿਖਣਾ ਤਾਂ ਉਸ ਨਿੱਕੇ ਹੁੰਦੇ ਤੋਂ ਅਰੰਭ ਕੀਤਾ ਸੀ। ਬਾਲਕ ਲੇਖਕ ਰਾਮ ਸਰੂਪ ਬਿਮਲ ਪੱਤਲ ਦਾ ਕਰਤਾ ਉਸ ਸਮੇਂ ਅਣਖੀ ਨਹੀਂ ਮਾਰਕੰਡਾ ਸੀ। ਜਿਹੜਾ ਘਰ ਦਿਆਂ ਤੋਂ ਚੋਰੀ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਦੀਆਂ ਪੁਸਤਕਾਂ ਵੇਚਣ ਵਾਲੀਆਂ ਦੁਕਾਨਾਂ ਤੋਂ ਵੀ. ਪੀ. ਪੀ. ਰਾਹੀ 'ਹੀਰ ਵਾਰਸ' 'ਹਨੂਮਾਨ ਚਾਲੀਸਾ, ਤੇ 'ਬੰਗਾਲ ਦਾ ਜਾਦੂ' ਮੰਗਵਾਕੇ ਪੜ੍ਹਿਆਂ ਕਰਦਾ ਸੀ। ਇਹੋ ਮਾਰਕੰਡਾ ਮਹਿੰਦਰਾ ਕਾਲਜ ਪਟਿਆਲਾ ਪੁਜਕੇ ਕਵੀ ਗੀਤਕਾਰ ਬਣਿਆ ਤੇ ਸਟੇਜ ਕਵ ਵੀ। ਪਹਿਲੇ ਦੌਰ ਦਾ ਇਹ ਕਵੀ 'ਮਟਕ ਚਾਨਣ' ਕੱਲ ਗੀਆ ਕਣਕ ਦੀ ਕਹਾਣੀ ਕਮਰੇ ਦਾ ਸੂਰਜ, ਕਾਵਿ ਪੁਸਤਕ ਦਾ ਵੀ ਰਚਨ ਹਾਰਾ ਬਣਿਆ।

ਪਿੰਡ ਦਾ ਅਜੀਬ ਨੌਜਵਾਨ ਮਹਿੰਦਰਾ ਕਾਲਜ ਪਟਿਆਲਾ ਬਹੁਤੀ ਦੇਰ ਨਾ ਟਿਕ ਸਕਿਆ। ਕਾਰਨ ਛੋਟੀ ਉਮ ਦਾ ਵਿਆਹ। 'ਘਰ ਦੀ' ਗਰੀਬੀ, ਤੇ ਲਾਚਾਰੀ ਸੀ ਘਰ ਮੁੜਿਆ। ਬਾਪੂ ਨਾਲ ਖੇਤੀ ਕਰਨ ਲੱਗਾ। ਤੇ ਫਿ ਪ੍ਰਾਇਮਰੀ ਸਕੂਲ ਦੀ ਮਾਸਟਰੀ। ਇਸ ਤਰ੍ਹਾਂ ਉਸ ਨੇ ਪਿੰ ਵਿਚ ਰਹਿਕੇ ਅਨੇਕਾਂ ਪਾਪੜ ਵੇਲੇ। ਕਦੇ ਨੌਕਰੀ ਕਦੇ ਖੇਤ ਡੰਗਰ ਚਾਰਨ, ਕਬੂਤਰ ਉਡਾਣ, ਬੋਲੀਆਂ ਪਾਉਣ, ਮੇਲਿਆ ਤੇ ਜਾਣ, ਸੱਥ ਵਿਚ ਬੈਠਕੇ ਗੱਲਾਂ ਕਰਨ ਤੇ ਸੁਣਨ ਅਨੇਕਾਂ ਤਜਰਬੇ ਉਸ ਨੇ ਹੰਢਾਏ। ਫਸਲ ਕੱਟੀ ਹੈ। ਖੇਤ ਵਾ ਹਨ। ਉਹ ਪੇਂਡੂ ਬਣਕੇ ਜੀਵਿਆ ਹੈ। ਉਸ ਨੇ ਪਿੰਡਾਂ ਗਰੀਬੀ, ਹੈਂਕੜ, ਅੜਵਾਈ ਢੀਠਤਾ ਤੇ ਗੰਵਾਰਪੁਣੇ ਰੱਜਕੇ ਮਾਣਿਆ ਹੈ। ਏਸੇ ਲਈ ਉਸਨੇ ਕਹਾਣੀਆਂ ਵਿ ਪਿੰਡਾਂ ਦੇ ਜੀਵਨ ਨੂੰ ਯਥਾਰਥਮਈ ਢੰਗ ਨਾਲ ਦਿਤਾ ਗਿਆ ਹੈ।

ਭਾਵੇਂ ਉਹ ਹੁਣ ਸ਼ਹਿਰ ਰਹਿੰਦਾ ਹੈ ਪਰ ਉਸ ਸ਼ਹਿਰੀ ਹਵਾ ਨਹੀਂ ਲੱਗੀ। ਉਹ ਚਿਬੜਾਂ ਦੀ ਚੱਟਣੀ ਦ ਆਨੰਦ ਮਾਣ ਸਕਦਾ ਹੈ। ਗੁੜ ਨਾਲ ਰੋਟੀ ਖਾ ਸਕਦਾ ਹੈ ਮਾਰੂ ਚਾਹ ਪੀ ਸਕਦਾ ਹੈ। ਖੱਦਰ ਪਹਿਨ ਸਕਦਾ ਹੈ। ਏ ਲਈ ਮੈਂ ਉਹ ਨੂੰ ਅਜੇ ਵੀ ਜੱਟ ਸਮਝਦਾ ਹਾਂ। ਸ਼ਹਿਰ ਵਿ ਰਹਿੰਦਾ ਹੋਇਆ ਵੀ ਉਹ ਕਪਾਹ ਦੀਆਂ ਛਿਟੀਆਂ ਬਾਲਦ ਹੈ। ਸਟੋਵ ਦੀ ਥਾਂ ਚੁਲ੍ਹਾ। ਲੱਕੜਾਂ ਦੀ ਪਾਥੀਆਂ। ਸਲਾਦ ਦੀ ਥਾਂ ਚਿਬੜਾਂ ਦੀ ਚੱਟਣੀ ਪੈਂਟ ਦੀ ਥਾਂ ਤੇ ਪਜਾਮਾ, ਬੁਸ਼ਰਟ ਦੀ ਥਾਂ ਕੁੜ ਬੂਟ ਦੀ ਥਾਂ ਜੁੱਤੀ, ਪਾਕੇ ਉਹ ਸੁਤੰਤਰ ਰਹਿੰ ਹੈ। ਤੀਹ ਸਾਲਾਂ ਤੋਂ ਉਸ ਵਿਚ ਜੋ ਵਸਿਆ ਬਾਹਮਣ ਹੈ ਉਹ ਖ਼ਤਮ ਨਹੀਂ ਹੋਇਆ ਤੇ ਨਾ ਹੋਵੇਗਾ।

ਉਸ ਦੇ ਜੀਵਨ ਵਿਚ ਤਲਖ ਸਮੇਂ ਵੀ ਆਏ ਮੁਸੀਬਤਾਂ ਆਈਆਂ ਹਨ ਕਦੀ ਹਨੇਰੀਆਂ ਤੇ ਕਦੀ ਝਖ



Sri Satguru Jagjit Singh Ji Elibrary NamdhariElibrary@gmail.com

ਝੁੱਲੇ ਹਨ। ਗਰਮੀ ਸਰਦੀ ਮੀਂਹ ਹਨੇਰੀ ਵਿਚ ਟਿੱਬੇ ਉਪਰ ਖੜੋਤੇ ਰੋਹੀ ਦੇ ਜੰਡ ਵਾਂਗ ਉਹ ਅਹਿਲ ਹੈ। ਆਰਥਿਕ ਮੰਦਹਾੜੇ ਲੰਘਾਏ ਹਨ ਤੇ ਕਈ ਮੌਤਾਂ ਵੇਖੀਆਂ ਹਨ। ਇਸ ਸਭ ਕੁਝ ਨੂੰ ਉਸ ਨੇ ਆਪਣੇ ਅਨੁਭਵ ਵਿਚ ਇਕੱਠਾ ਕਰਕੇ ਆਪਣੀਆਂ ਕਹਾਣੀਆਂ ਵਿਚ ਵਰਤਿਆ ਹੈ। ਉਸ ਦਾ ਸਰਾਪ ਸਾਹਿਤ ਵਿਚ ਉਸ ਲਈ ਵਰ ਸਾਬਤ ਹੋਇਆ ਹੈ।

ਕਵੀ ਤੋਂ ਕਹਾਣੀਕਾਰ ਉਹ ਤਦ ਬਣਿਆ ਸੀ ਕਿ ਜੋ ਕੁਝ ਉਸ ਦੇ ਚਿੱਤ ਵਿਚ ਸੀ ਉਸ ਸਭ ਕਝ ਨੂੰ ਉਹ ਕਵਿਤਾ ਰਾਹੀਂ ਬਾਹਰ ਨਹੀਂ ਸੀ ਕੱਢ ਸਕਦਾ। ਮਾਸਟਰ ਲਗਣ ਪਿੱਛੋਂ ਵੀ ਉਹ ਪਿੰਡਾਂ ਵਿਚ ਰਿਹਾ। ਪੇਂਡੂ ਸਕੂਲਾਂ ਦਾ, ਮਾਸਟਰ, ਮਾਸਟਰਣੀਆਂ, ਦੁਕਾਨਦਾਰਾਂ, ਨੌਕਰੀ ਪੇਸ਼ਾ ਲੋਕਾਂ ਹਾਲੀਆਂ ਤੇ ਪਾਲੀਆਂ ਦਾ ਲੁਕਵਾਂ ਜੀਵਨ ਉਸ ਨੇ ਨੇੜੇ ਹੋਕੇ ਵੇਖਿਆ ਹੈ, ਜਿਸ ਨੂੰ ਉਸ ਨੇ ਆਪਣੀ ਲਿਖਤ ਦਾ ਪ੍ਰੇਰਕ ਸੋਮਾ ਬਣਾਇਆ ਹੈ। ਉਸ ਦੇ ਅਨੇਕਾਂ ਪਾਤਰਾਂ ਵਿਚੋਂ; ਅੰਨੀ ਮਾਂ ਦਾ ਪੁੱਤ, ਔਰਤਾਂ ਦਾ ਵਪਾਰੀ, ਖੁਸਰੇ ਦਾ ਆਸ਼ਕ, ਖੱਟੀ ਲੱਸੀ ਪੀਣ ਵਾਲੇ, ਤਾਇਆ ਸੰਤੂ; ਮੇਰਾ ਯਾਰ ਦੁਰੂ, 'ਸ਼ਰਬ ਦੇ ਟਾਂਡੇ; ਘੁੱਤਾ, ਖਾਰਾ ਦੁੱਧ ਬਹੁਤਾ ਬੋਲਣ ਵਾਲੀ; 'ਆਪਣੇ ਘੜੇ ਦਾ ਪਾਣੀ' 'ਸਫੈਦ ਰਾਤ ਦਾ ਜ਼ਖਮੀ, ਆਦਿ ਕਹਾਣੀਆਂ ਦੇ ਪਾਤਰ ਸਾਡੀ ਪੰਜਾਬੀ ਕਹਾਣੀ ਦੇ ਉਹ ਅਮਰ ਪਾਤਰ ਹਨ ਜਿਹੜੇ ਸਦਾ ਹੀ ਸਾਡੇ ਆਲੇ ਦੁਆਲੇ ਤੁਰਦੇ ਫਿਰਦੇ ਹਨ।

ਅਣਖੀ ਵਿਚ ਜੱਟ ਵਰਗਾ ਸਿਰੜ ਹੈ ਤੇ ਬਾਹਮਣ ਵਰਗੀ ਚਤੁਰਤਾ। ਜਦ ਲਿਖਦਾ ਹੈ, ਦਸ ਦਸ ਘੰਟੇ ਲਿਖ ਸਕਦਾ ਹੈ। ਕਹੀ ਦਾ ਕੰਮ ਕਰ ਸਕਦਾ ਹੈ। ਤੇ ਜਦ ਵਿਹਲਾ ਹੋਵੇ ਕਈ ਕਈ ਘੰਟੇ ਸੌਂ ਵੀ ਸਕਦਾ ਹੈ। ਉਸ ਵਿਚਲਾ ਜੱਟ ਕਦੇ ਕਦੇ ਹੀ ਜਾਗਦਾ ਹੈ ਬਹੁਤਾ ਸਮਾਂ ਉਹ ਬਾਹਮਣਾਂ ਵਾਲੀ ਚਤੁਰਾਈ ਤੋਂ ਕੰਮ ਲੈਂਦਾ ਹੈ। ਉਹ ਘੱਟ ਹੀ ਬਗਾਵਤ ਕਰਦਾ ਹੈ। ਤੇ ਕਦੇ ਕਦੇ ਜੋ ਕੁਝ ਉਸ ਨੂੰ ਪਸੰਦ ਨਹੀਂ ਹੁੰਦਾ। ਉਸ ਦਾ ਇਜ਼ਹਾਰ ਵੀ ਘੱਟ ਕਰਦਾ ਹੈ।

ਉਹਦੇ ਦੋਸਤਾਂ ਮਿੱਤਰਾਂ ਤੇ ਸਨੇਹੀਆਂ ਦਾ ਘੇਰਾ ਬਹੁਤ ਵਿਸ਼ਾਲ ਹੈ। ਜਦ ਉਹ ਆਪਣੇ ਖਰਚੇ ਤੇ ਪੁਸਤਕ ਛਪਾਉਂਦਾ ਹੈ ਉਹ ਦੇ ਇਹ ਦੋਸਤ ਤੇ ਸਨੇਹੀ ਇਹ ਪੁਸਤਕ ਖਰੀਦ ਕੇ ਪੜ੍ਹਦੇ ਹਨ। ਇਸ ਤਰ੍ਹਾਂ ਅਣਖੀ ਨੇ ਸੈਂਕੜੇ ਅਜਿਹੇ ਪੰਜਾਬੀ ਪਾਠਕ ਬਣਾਏ ਹਨ ਜਿਹੜੇ ਖਰੀਦ ਕੇ ਪੁਸਤਕ ਪੜ੍ਹਦੇ ਹਨ। ਉਹਦੇ ਦੋਸਤਾਂ ਵਿਚ ਫੌਜੀ ਵੀ ਹਨ ਪਿੰਡ ਦੇ ਹਲ ਵਾਹਕ ਵੀ ਹਨ ਜਿਹੜੇ ਉਹ ਦੇ ਨਾਲ ਖੁਲ੍ਹੀਆਂ ਗੱਲਾਂ ਕਰਦੇ ਹਨ। ਮਾਸਟਰ ਵੀ ਹਨ ਜਿਹੜੇ ਚੁਗਲੀਆਂ ਕਰਕੇ ਮਨ ਦਾ ਭਾਰ ਹੌਲਾ ਕਰਦੇ ਹਨ। ਉਹਦੇ ਪਾਠਕ ਉਹਨੂੰ ਚਿਠੀਆਂ ਲਿਖਦੇ ਹਨ। ਉਹਦੇ ਕੋਲ ਨਵੇਂ ਪੁਰਾਣੇ ਸਾਹਿਤਕਾਰ ਵੀ ਆਉਂਦੇ ਹਨ ਸ਼ਰਾਬ ਪੀਕੇ ਸਾਹਿਤ-ਕਾਰਾਂ ਦੀਆਂ ਚੁਗਲੀਆਂ ਕਰਦੇ ਹਨ। ਉਹ ਸਭ ਦੀ ਸੁਣਦਾ ਹੈ। ਪਰ ਆਪਣੀ ਗੱਲ ਘੱਟ ਕਰਦਾ ਹੈ। ਉਹ 'ਮੀਸਨਾ' ਵੀ ਹੈ, ਚਤੁਰ ਵੀ। ਜੋ ਕਰਦਾ ਹੈ ਚੁੱਪ ਕਰਕੇ। ਜੋ ਸੋਚਦਾ ਹੈ, ਕਰ ਵਿਖਾਉਂਦਾ ਹੈ।

ਅਣਖੀ ਪਤਾ ਨਹੀਂ ਕਿਹੜੇ 'ਰੱਬ' ਨੂੰ ਮੰਨਦਾ ਹੈ ਤੇ ਕਿਸ ਵੱਲੇ? ਨਾ ਕਦੇ ਗੁਰਦਵਾਰੇ, ਨਾ ਮੰਦਰ ਉਹ ਗਿਆ ਹੈ ਤੇ ਜੇਕਰ ਕਦੇ ਜਾਣਾ ਵੀ ਪੈ ਜਾਵੇ। ਜਾਪਦਾ ਹੈ ਉਹਦਾ ਸਾਹ ਘੁੱਟ ਗਿਆ ਹੋਵੇ। ਉਹਦਾ ਮੰਦਰ ਤੇ ਉਹਦਾ ਗੁਰ-ਦਵਾਰਾ 'ਉਹਦੇ ਪਿੰਡ ਦਾ ਕੜੀਆਂ ਵਾਲਾ ਕੱਚਾ ਕੋਠਾ ਸੀ ਤੇ ਹੁਣ ਬਰਨਾਲੇ ਗੁਰੂ ਨਾਨਕ ਗਲੀ ਦਾ ਘਰ ਜਿਥੇ ਜਿਥੇ ਰਹਿਕੇ ਉਹ ਆਪਣੇ ਇਸ਼ਟ ਰੂਪੀ ਸਾਹਿਤ ਦੀ ਪੂਜਾ ਕਰਦਾ ਹੈ। ਨਾ ਅਣਖੀ ਸੁਧਾਰ ਵਾਦੀ ਹੈ, ਨਾ ਆਦਰਸ਼ਵਾਦੀ ਨਾ ਪ੍ਰਗਤੀ ਲਹਿਰ ਦਾ ਆਲੰਬਰਦਾਰ ਤੇ ਨਾ ਹੀ ਸਹਜਵਾਦ ਦਾ ਪੈਰੋਕਾਰ। ਉਹ ਤਾਂ ਕੇਵਲ ਜ਼ਿੰਦਗੀ ਨਾਲ ਪ੍ਰਤਿਬੱਧ ਹੈ। ਉਹ ਅਜਿਹਾ ਕਹਾਣੀਕਾਰ ਹੈ ਜਿਸ ਨੂੰ 'ਸ਼ਰੀਕ ਦਾਰੀ' ਦਾ ਵੀ ਫਿਕਰ ਹੈ ਸਕੂਲ ਜਾਣ ਤੇ ਪੜ੍ਹਾਉਣ ਦਾ ਵੀ, ਪੁਸਤਕਾਂ ਛਾਪਣ ਛਪਾਉਣ ਦਾ ਵੀ। ਪਿਓ ਤੇ ਪਤੀ ਹੋਣ ਦੇ ਨਾਤੇ ਔਰਾ ਵਗੈਰਾ ਕਰਨ ਕਰਵਾਉਣ ਦੀ ਵੀ ਚਿੰਤਾ ਹੈ। ਉਹ ਕੇਵਲ ਮਨੁੱਖ ਹੈ। ਅਜਿਹਾ ਮਨੁੱਖ ਜੋ ਵੇਖਦਾ ਸਭ ਕੁਝ ਹੈ। ਬੋਲਦਾ ਨਹੀਂ। ਸੋਚਦਾ ਸਭ ਕੁਝ ਹੈ। ਤੇ ਜਦੋਂ ਸੋਚ ਸੋਚ ਕੇ ਉਹ ਦਾ ਚਿੱਤ ਭਰ ਜਾਂਦਾ ਹੈ। ਉਹ ਲਿਖਦਾ ਹੈ ਤੇ ਇਸ ਤਰ੍ਹਾਂ ਉਹ ਦੀ ਲਿਖਤ ਉਹ 'ਕਹਾਣੀ' ਬਣ ਜਾਂਦੀ ਹੈ। ●


Sri Satguru Jagjit Singh Ji Elibrary NamdhariElibrary@gmail.com

# ਕਹਾਣੀ ਦੀ ਕਹਾਣੀ

'ਐਮਰਜੰਸੀ' ਮੇਰੀ ਪ੍ਰਸਿੱਧ ਤੇ ਬਹੁ-ਚਰਚਿਤ ਕਹਾਣੀ ਹੈ। ਮੈਨੂੰ ਹੁਣ ਤੱਕ ਯਾਦ ਹੈ, ਇਸ ਨੂੰ ਲਿਖਣ ਲੱਗਿਆਂ ਮੈਂ ਬਹੁਤਾ ਤਰਦੱਦ ਨਹੀਂ ਕੀਤਾ ਸੀ। ਗੱਲ ਐਨੀ ਸੀ ਕਿ ਸੰਗਰੂਰ ਤੋਂ ਚਰਨਜੀਤ ਚੰਨੀ ਨੇ ਇਕ ਪਰਚਾ 'ਕਲਮ' ਕੱਢਿਆ ਸੀ। ਉਹਦੇ ਕਹਾਣੀ ਵਿਸ਼ੇਸ਼-ਅੰਕ ਲਈ ਉਹਨੇ ਕਹਾਣੀ ਮੰਗੀ ਤੇ ਮੈਂ ਫ਼ੁਰਤ ਹੀ ਇਹ ਲਿਖਕੇ ਭੇਜ ਦਿਤੀ ਸੀ। ਇਕੋ ਸਿਟਿੰਗ ਵਿਚ। ੧੯੭੪ ਦਾ ਸਾਲ ਸੀ। ਮੇਰੀ ਪਤਨੀ ਸਖਤ ਬੀਮਾਰ ਸੀ। ਮੈਂ ਉਹਨੂੰ ਚੰਡੀਗੜ੍ਹ ਪੀ. ਜੀ. ਆਈ. ਵਿਚ ਲੈਕੇ ਗਿਆ ਸਾਂ। ਪੀ. ਜੀ. ਆਈ. ਦਾ ਨਰਕ ਮੈਨੂੰ ਸਾਰੀ ਉਮਰ ਨਹੀਂ ਭੁਲੇਗਾ। ਓਥੋਂ ਦਾ ਨਾਉਂ ਲੈਂਦਿਆ ਹੀ ਇਕ ਤੇਜ਼ ਬਦਬੂ ਦਾ ਅਹਿਸਾਸ ਹੋਣ ਲਗਦਾ ਹੈ। ਬਦਬੂ ਮਰੀਜ਼ਾਂ ਤੇ ਦਵਾਈਆਂ ਦੀ ਨਹੀਂ ਬਦਬੂ ਉਥੋਂ ਦੇ ਡਾਕਟਰਾਂ ਤੇ ਜਲਾਦ ਕਿਸਮ ਦੇ ਕਰਮਚਾਰੀਆਂ ਦੀ ਪਤਨੀ ਦੀ ਬੀਮਾਰੀ ਬਾਰੇ ਅਖੀਰ ਤੱਕ ਮੈਨੂੰ ਕੁਝ ਨਾ ਦਸਿਆ ਗਿਆ। ਵੀਹ ਦਿਨਾਂ ਤੱਕ ਉਸ ਬੁਚੱੜ ਖਾਨੇ ਵਿਚ ਖ਼ਿਬਾਹ ਹੁੰਦਾ ਰਿਹਾ। ਮੇਰਾ ਤਾਜ਼ਾ ਤਾਜ਼ਾ ਅਨੁਭਵ ਸੀ। ਚੰਨੀ ਨੇ ਕਹਾਣੀ ਮੰਗੀ ਸੀ ਤੇ ਮੈਂ ਕਿਸੇ ਸਰਕਾਰੀ ਜਿਹੇ ਖਤ ਲਿਖਣ ਵਾਂਗ ਇਹ 'ਐਮ ਜੰਸੀ' ਲਿਖਕੇ ਭੇਜ ਦਿਤੀ ਸੀ 'ਕਲਮ' ਵਿਚੋਂ ਅਗਾਂਹ ਇਸਦਾ ਹਿੰਦੀ-ਅਨੁਵਾਦ 'ਸਾਰਿਕਾ, ਵਿਚ ਛਪਿਆ। ਹਿੰਦੀ ਵਿਚੋਂ ਇਹ 'ਗੁਜਰਾਤੀ' ਵਿਚ ਵੀ ਚਲੀ ਗਈ ਸੀ।

ਕਹਾਣੀ ਪੱਖੋਂ ਇਹ ਚੰਗੀ ਰਚਨਾ ਹੋਵੇਗੀ, ਹੋਵੇ ਪਰ ਹੁਣ ਵੀ ਕਹਾਣੀ ਵਿਚਲਾ ਸੰਸਾਰ ਜਦੋਂ ਮੇਰੀਆਂ ਅੱਖਾਂ ਸਾਹਮਣੇ ਆਉਂਦਾ ਹੈ ਤਾਂ ਮੈਂ ਕੰਬ ਉਠਦਾ ਹਾਂ। ਇਸ ਕਹਾਣੀ ਦਾ ਪਾਠ ਕਰਨਾ ਮੇਰੇ ਲਈ ਬਹੁਤ ਮੁਸ਼ਕਲ ਹੈ। ਮੈਂ ਇਹ ਕਹਾਣੀ ਕਿਸੇ ਗੋਸ਼ਟੀ ਵਿਚ ਪੜ੍ਹਕੇ ਨਹੀ ਸੁਣਾ ਸਕਦਾ। ਮੇਰੀਆਂ ਲੱਤਾਂ ਕੰਬਣ ਲਗਦੀਆਂ ਹਨ।

—ਰਾਮ ਸਰੂਪ ਅਣਖੀ

ਕਹਾਣੀ

# ਐਮਰਜੰਸੀ



ਰਾਮ ਸਰੂਪ ਅਣਖੀ

ਸ਼ਾਮ ਦੇ ਪੰਜ ਵੱਜਣ ਵਾਲੇ ਹਨ। ਨਹਿਰੂ ਸੇਹਤ ਕੇਂਦਰ ਦੇ ਵੱਡੇ ਗੇਟ ਸਾਹਮਣੇ ਟੈਕਸੀ ਆ ਕੇ ਰੁਕੀ ਹੈ ਟੈਕਸੀ ਵਿਚੋਂ ਉਤਰ ਕੇ ਸਾਗਰ ਨੇ ਸੰਤਰੀ ਤੋਂ ਐਮਰਜੰਸੀ ਵਾਰਡ ਦਾ ਰਾਹ ਪੁਛਿਆ ਹੈ।

ਸਾਹਮਣੇ ਲਾਲ ਅੱਖਰਾਂ ਵਿਚ ਐਮਰਜੰਸੀ ਲਿਖਿਆ ਵੇਖੋ ਭਾਈ ਸਾਹਿਬ। ਉਥੋਂ ਸੱਜੇ ਹੱਥ ਸੜਕ ਪੈ ਜਾਓ, ਐਮਰਜੰਸੀ ਵਾਰਡ ਦੇ ਦਰਵਾਜੇ ਤੇ ਪਹੁੰਚ ਜਾਉਂਗੇ। ਸੰਤਰੀ ਨੇ ਸਮਝਾਇਆ ਹੈ।

ਟੈਕਸੀ ਵਿਚ ਵਾਪਸ ਆ ਕੇ ਉਸ ਨੂੰ ਪਲ ਭਰ ਦੀ ਰਾਹਤ ਮਿਲੀ ਹੈ। ਉਸ ਨੇ ਮਧੂ ਨੂੰ ਆਪਣੀ ਵੱਖੀ ਨਾਲ ਘੁੱਟ ਕੇ ਹੌਸਲਾ ਦਿਤਾ ਹੈ। ਬਸ ਪਹੁੰਚ ਗਏ ਹੁਣ ਤਾਂ। ਇਥੇ ਤਾਂ ਤੈਨੂੰ ਛੇਤੀ ਹੀ ਰਾਜ਼ੀ ਕਰ ਦੇਣਗੇ। ਹੁਣ ਨਾ ਫ਼ਿਕਰ ਕਰ। ਜਿੰਨਾ ਦੁਖ ਭੋਗਣਾ ਸੀ, ਭੋਗਿਆ ਗਿਆ।

ਮਧੂ ਦੇ ਸਿਰ ਵਿਚ ਲਗਾਤਾਰ ਸਖਤ ਦਰਦ ਹੋ ਰਿਹਾ ਹੈ। ਕਮਰ ਤੇ ਪਿੰਜਣੀਆਂ ਵਿਚੋਂ ਦੌਰੇ ਵਾਂਗ ਪੀੜਾਂ ਉਠਦੀਆਂ ਹਨ; ਇਹਨਾਂ ਪੀੜਾਂ ਦੇ ਬੇਹੱਦ ਵਧ ਜਾਣ ਨਾਲ ਉਸਦੇ ਸਰੀਰ ਨੂੰ ਕੰਬਣੀ ਆਉਂਦੀ ਹੈ। ਸਾਰਾ ਪਿੰਡਾ ਮੁੜਕੇ ਨਾਲ ਭਿੱਜ ਜਾਂਦਾ ਹੈ। ਤੇ ਫਿਰ ਠੰਡਾ ਬਰਫ ਹੋ ਜਾਂਦਾ ਹੈ। ਕੁਝ ਦੇਰ ਹੀ ਅਰਾਮ ਰਹਿੰਦਾ ਹੈ। ਤੇ ਫਿਰ ਮੁੜਕੇ ਉਵੇਂ ਆਉਣ ਲਗਦੇ ਹਨ. ਸਰੀਰ ਦੀਆਂ ਸਖਤ ਪੀੜਾਂ ਸ਼ੁਰੂ ਹੋ


Sri Satguru Jagjit Singh Ji Elibrary NamdhariElibrary@gmail.com

ਜਾਂਦੀਆਂ ਹਨ। ਪਿਛਲੇ ਇਕ ਹਫ਼ਤੇ ਤੋਂ ਮਧੂ ਦੀ ਇਹ ਹਾਲਤ ਬਣੀ ਹੋਈ ਹੈ।

ਉਹ ਦੂਰ ਪਿੰਡ ਦਾ ਰਹਿਣ ਵਾਲਾ ਹੈ। ਸਰਕਾਰੀ ਮੁਲਾਜ਼ਮ ਹੈ। ਤਨਖਾਹ ਬਹੁਤ ਥੋੜੀ ਹੈ। ਹੋਰ ਆਮਦਨ ਕੋਈ ਨਹੀਂ। ਦੋ ਬੱਚੇ ਹਨ: ਗੁਜ਼ਾਰਾ ਮੁਸ਼ਕਲ ਨਾਲ ਹੁੰਦਾ ਹੈ।

ਮਧੂ ਦੀ ਦੋ ਤਿੰਨ ਦਿਨ ਇਹ ਹਾਲਤ ਰਹੀ ਸੀ ਤਾਂ ਨੇੜੇ ਦੇ ਸ਼ਹਿਰ ਦੇ ਸਰਕਾਰੀ ਹਸਪਤਾਲ ਵਿਚ ਸਾਗਰ ਉਸ ਨੂੰ ਲੈ ਗਿਆ ਸੀ। ਹਸਪਤਾਲ ਵਾਲਿਆਂ ਨੇ ਚਾਰ ਦਿਨ ਉਸ ਨੂੰ ਰੱਖਿਆ ਸੀ ਤੇ ਆਪਣੀ ਸਮਝ ਅਨੁਸਾਰ ਉਸ ਦਾ ਇਲਾਜ ਕੀਤਾ ਸੀ। ਪਰ ਉਸ ਦੀ ਹਾਲਤ ਤਾਂ ਪਹਿਲਾਂ ਨਾਲੋਂ ਵੀ ਨਿੱਘਰਦੀ ਗਈ ਸੀ। ਅਖੀਰ ਉਹਨਾਂ ਨੇ ਸਲਾਹ ਦਿਤੀ ਸੀ-ਇਸ ਨੂੰ ਹੁਣੇ ਹੀ ਨਹਿਰੂ ਸਿਹਤ-ਕੇਂਦਰ ਲੈ ਜਾਓ। ਬੀਮਾਰੀ ਖਤਰਨਾਕ ਦਿਸਦੀ ਹੈ। ਇਸ ਦਾ ਇਲਾਜ ਤਾਂ ਉਥੇ ਹੀ ਹੋਵੇਗਾ। ਟੈਕਸੀ ਵਿਚ ਪਾ ਕੇ ਲੈ ਜਾਓ, ਬੱਸ।

ਨੇੜੇ ਦੇ ਸ਼ਹਿਰ ਤੋਂ ਸੌ ਮੀਲ ਦੂਰ ਇਕ ਵੱਡੇ ਸ਼ਹਿਰ ਵਿਚ 'ਨਹਿਰੂ ਸਿਹਤ-ਕੇਂਦਰ' ਬਣਿਆ ਹੋਇਆ ਹੈ। ਕਈ ਕਰੋੜ ਰੁਪਿਆ ਖਰਚ ਕੀਤਾ ਗਿਆ ਹੈ। ਪ੍ਰਾਂਤ ਦਾ ਸਭ ਤੋਂ ਵੱਡਾ ਹਸਪਤਾਲ। ਦੇਸ਼ ਦੇ ਕੁਝ ਇਕ ਵੱਡੇ ਰਿਸਰਚ ਇੰਸਟੀਚਿਊਟਾਂ ਵਿਚੋਂ ਇਕ। ਦੂਜੇ ਪ੍ਰਾਂਤਾਂ ਦੇ ਵਿਗੜੇ ਕੇਸ ਏਥੇ ਆਉਂਦੇ ਹਨ।

ਟੈਕਸੀ ਐਮਰਜੰਸੀ ਵਾਰਡ ਦੇ ਦਰਵਾਜ਼ੇ ਅੱਗੇ ਜਾ ਖੜੀ ਹੈ। ਲੱਤਾਂ ਤੇ ਧੌਣ ਹੇਠ ਦੀ ਹੱਥ ਪਾ ਕੇ ਸਾਗਰ ਨੇ ਮਧੂ ਨੂੰ ਟੈਕਸੀ ਵਿਚੋਂ ਕੱਢਿਆ ਹੈ ਤੇ ਪਹਿਲਾਂ ਹੀ ਤਿਆਰ ਹਸਪਤਾਲ ਦੀ ਟਰਾਲੀ ਉਤੇ ਉਸ ਨੂੰ ਲਿਟਾ ਦਿਤਾ ਹੈ। ਟਰਾਲੀ ਵਾਲਾ ਕਰਮਚਾਰੀ ਉਸ ਨੂੰ ਅੰਦਰ ਲੈ ਜਾ ਰਿਹਾ ਹੈ।

'ਕੀ ਬੀਮਾਰੀ ਹੈ ਜੀ?' ਟਰਾਲੀਮੈਨ ਨੇ ਸਾਗਰ ਨੂੰ ਪੁੱਛਿਆ ਹੈ।

'ਬਸ ਜੀ, ਦਰਦ ਹੁੰਦਾ ਸਮਝ ਲਓ।' ਸਾਗਰ ਨੇ ਇਸ ਤਰ੍ਹਾਂ ਜਵਾਬ ਦਿਤਾ ਹੈ ਜਿਵੇਂ ਇਹ ਕੋਈ ਖਾਸ ਬੀਮਾਰੀ ਨਹੀਂ ਸੀ ਪਰ ਹੁਣ ਤਾਂ ਇਹੀ ਖਾਸ ਬਣੀ ਹੋਈ ਹੈ।

'ਪਹਿਲਾਂ ਨਹੀਂ ਦਿਖਾਇਆ ਕਿਸੇ ਨੂੰ?' ਟਰਾਲੀਮੈਨ ਨੇ ਸਵਾਲ ਕੁਝ ਇਸ ਤਰ੍ਹਾਂ ਕੀਤਾ ਹੈ ਜਿਵੇਂ ਕਹਿ ਰਿਹਾ ਹੋਵੇ, ਐਨੀ ਕੁ ਬੀਮਾਰੀ ਤੇ ਲੈ ਆਏ ਐਮਰਜੰਸੀ ਵਿਚ?

'ਬਹੁਤ ਦਿਖਾਇਐ ਯਾਰ। ਆਖਰ ਨੂੰ ਆਏ ਆਂ।' ਸਾਗਰ ਨੇ ਕਿਹਾ ਹੈ।

ਟਰਾਲੀਮੈਨ ਗੁੱਝਾ ਗੁੱਝਾ ਮੁਸਕਰਾਇਆ ਹੈ। ਵੇਟਿੰਗ ਹਾਲ ਵਿਚ ਜਾ ਕੇ ਟਰਾਲੀ ਉਸ ਨੇ ਖੜ੍ਹਾ ਦਿਤੀ ਹੈ। ਇਕ ਬੈੱਡ ਵਲ ਇਸ਼ਾਰਾ ਕਰ ਕੇ ਸਾਗਰ ਨੂੰ ਕਿਹਾ ਹੈ-'ਲਿਟਾ ਦਿਓ ਇਸ ਤੇ। ਡਾਕਟਰ ਸਾਅਬ ਆਉਂਦੇ ਨੇ।'

ਵੇਟਿੰਗ-ਹਾਲ ਦੇ ਬੈੱਡ ਨੰਬਰ ਦੋ 'ਤੇ ਪਈ ਮਧੂ ਸਹਿਜ ਹੋ ਗਈ ਦਿਸਦੀ ਹੈ। ਕੋਈ ਉੱਦਵਤ ਨਹੀਂ। ਲੱਤਾਂ ਤੇ ਕਮਰ ਵਿਚ ਕੋਈ ਦਰਦ ਨਹੀਂ। ਨਾ ਤੱਤੀ ਤੇ ਨਾ ਸਰੀਰ ਠੰਡਾ। ਸ਼ਾਇਦ ਸਿਰ ਦਰਦ ਵੀ ਨਹੀ ਹੋ ਰਿਹਾ। ਹੋਵੇਗਾ ਤਾਂ ਸਖਤ ਨਹੀਂ।

ਡਿਊਟੀ ਤੇ ਹਾਜ਼ਰ ਡਾਕਟਰ ਆਇਆ ਹੈ।

'ਬੀਬੀ ਜੀ, ਕੈਸੀ ਤਬੀਅਤ ਐ?'

'ਪੀੜਾਂ ਪੈਂਦੀਆਂ ਨੇ, ਵੀਰ ਜੀ' ਮਧੂ ਨੇ ਬਹੁਤ ਧੀਮੀ ਆਵਾਜ਼ ਵਿਚ ਜਵਾਬ ਦਿਤਾ ਹੈ। 'ਵੀਰ ਜੀ' ਕਹਿ ਕੇ ਡਾਕਟਰ ਨਾਲ ਅਪਣੱਤ ਵਿਖਾਉਣ ਦੀ ਕੋਸ਼ਿਸ਼ ਵੀ ਕਰ ਗਈ ਹੈ।

'ਜ਼ਬਾਨ ਦਿਖਾਓ।' ਡਾਕਟਰ ਨੇ ਖਰ੍ਹਵਾ ਬੋਲ ਕੱਢਿਆ ਹੈ।

ਜੀਭ ਬਾਹਰ ਕੱਢ ਕੇ ਮਧੂ ਉਤਸੁਕ ਅੱਖਾਂ ਨਾਲ ਡਾਕਟਰ ਦੇ ਚਿਹਰੇ ਵਲ ਝਾਕ ਰਹੀ ਹੈ।

'ਬੈਠੋ, ਬੈਠ ਜਾਓ।' ਡਾਕਟਰ ਨੇ ਸਿਰਫ਼ ਜ਼ਬਾਨ ਹੀ ਹਿਲਾਈ ਹੈ।

ਸਰੀਰ ਦਾ ਸਾਰਾ ਜ਼ੋਰ ਲਾਉਣ ਤੇ ਵੀ ਉਹ ਆਪ ਬੈਠੀ ਨਹੀਂ ਜਾ ਸਕੀ। ਸਾਗਰ ਨੇ ਉਸ ਨੂੰ ਸਹਾਰਾ ਦੇ ਕੇ ਬਿਠਾਉਣਾ ਚਾਹਿਆ ਹੈ। ਪਰ ਡਾਕਟਰ ਨੇ ਅਜਿਹਾ ਕਰਨ ਤੋਂ ਰੋਕ ਦਿੱਤਾ ਹੈ।

'ਡਾਕਟਰ ਸਾਅਬ...' ਸਾਗਰ ਨੇ ਹੱਥ ਜੋੜੇ ਹਨ।

'ਐਮਰਜੰਸੀ ਵਾਲਾ ਤਾਂ ਇਹ ਕੇਸ ਨਹੀਂ।' ਮਧੂ ਤੋਂ ਜ਼ਰਾ ਦੂਰ ਹੋ ਕੇ ਡਾਕਟਰ ਨੇ ਸਾਗਰ ਨੂੰ ਕਿਹਾ ਹੈ।

ਇਹ ਤਾਂ ਬਹੁਤ ਤੰਗ ਐ, ਡਾਕਟਰ ਸਾਅਬ।' ਓਥੋਂ ਹਸਪਤਾਲ ਵਾਲਿਆਂ ਨੇ ਸਾਨੂੰ ਆਪ ਭੇਜਿਐ।'

'ਡਿਸਚਾਰਜ- ਸਲਿੱਪ ਦਿਖਾਓ।'



Sri Satguru Jagjit Singh Ji Elibrary NamdhariElibrary@gmail.com

ਸਾਗਰ ਨੇ ਆਪਣੇ ਨੇੜੇ ਦੇ ਹਸਪਤਾਲ ਵਾਲੀ ਸਲਿੱਪ ਦਿਖਾਈ ਹੈ।

ਠੀਕ ਐ' ਕਹਿ ਕੇ ਡਾਕਟਰ ਨੇ ਸਲਿੱਪ ਸਾਗਰ ਦੇ ਹੱਥਾਂ ਵਿਚ ਦੇ ਦਿਤੀ ਹੈ। ਕਿਹਾ ਹੈ 'ਓ. ਪੀ. ਡੀ. ਵਿਚ ਵਿਖਾਓ। ਪਰਸੋਂ। ਕਲ੍ਹ ਨੂੰ ਐਤਵਾਰ ਐ।'

'ਅੱਜ ਕਿਥੇ ਰਹੀਏ, ਡਾਕਟਰ ਸਾਅਬ ? ਸਾਡਾ ਤਾਂ ਇਸ ਵੱਡੇ ਸ਼ਹਿਰ ਵਿਚ ਕੋਈ ਨਹੀਂ। ਇਹੀ ਹਾਲਤ ਰਹੀ ਤਾਂ ਪਰਸੋਂ ਤਕ ਇਹ ਬਚੇਗੀ ਕਿਵੇਂ ?'

'ਬੱਸ, ਕਹਿ ਜੁ ਦਿਤਾ, ਪਰਸੋਂ ਨੂੰ ਓ. ਪੀ. ਡੀ.।'

'ਡਾਕਟਰ ਸਾਅਬ, ਮੈਂ ਬਹੁਤ ਦੁਖੀ ਆਂ। ਗ਼ਰੀਬ ਮੁਲਾਜ਼ਮ ਆਂ। ਦੋ ਬੱਚੇ ਨੇ। ਜੇ ਇਸ ਨੂੰ ਕੁਝ ਹੋ ਗਿਆ...

'ਵੇਖੋ ਮਿਸਟਰ, ਇਸ ਸੰਸਾਰ ਵਿਚ ਸਾਰੇ ਹੀ ਦੁਖੀ ਹਨ। ਕੋਈ ਘੱਟ, ਕੋਈ ਵੱਧ। ਤੁਸੀਂ ਥੋੜਾ ਜਿਹਾ ਵੱਧ ਹੋਵੋਗੇ। ਪਰਸੋਂ ਨੂੰ ਆਣਾ।'

ਸਾਗਰ ਫਿਰ ਗਿੜਗੜਾਇਆ ਹੈ। ਡਾਕਟਰ ਦੇ ਗੋਡਿਆਂ ਵਲ ਨਿਗਾਹ ਕੀਤੀ ਹੈ। ਡਾਕਟਰ ਜਾ ਚੁਕਿਆ ਹੈ। ਸਾਗਰ ਦੀਆਂ ਨਿਗਾਹਾਂ ਸੇਹਤ-ਕੇਂਦਰ ਦੇ ਚਿਪਸ ਲੱਗੇ ਚਿਲਕਦੇ ਫ਼ਰਸ਼ ਉਤੇ ਗੱਡੀਆਂ ਰਹਿ ਗਈਆਂ ਹਨ।

ਮਧੂ ਦੀ ਦਿਲ-ਚੀਰਵੀਂ ਹੂੰਗਰ ਸੁਣੀ।

ਕਿਉਂ ਮਧੂ ?'

'ਸਿਰ ਫੜਿਓ।'

ਉਹ ਉਸ ਦਾ ਸਿਰ ਘਟਦਾ ਹੈ।

'ਹਾਏ, ਢੂਹੀ ਮੱਚ ਗਈ।'

ਉਹ ਇਕ ਹੱਥ ਨਾਲ ਉਸ ਦੀ ਕਮਰ ਦਬਾਉਣ ਲੱਗਿਆ ਹੈ। ਇਕ ਹੱਥ ਨਾਲ ਉਸ ਦੇ ਸਿਰ ਨੂੰ ਫੜਿਆ ਹੋਇਆ ਹੈ।

'ਹਾਏ, ਪਿੰਜਣੀਆਂ ...'

ਸਿਰ ਨੂੰ ਛੱਡ ਕੇ ਉਸ ਦਾ ਹੱਥ ਉਸ ਦੀ ਇਕ ਪਿੰਜਣੀ ਨੂੰ ਘੁਟਣ ਲਗਿਆ ਹੈ। ਇਕ ਹੱਥ ਨਾਲ ਦੀ ਕਮਰ ਵੀ ਦਬਾ ਰਿਹਾ ਹੈ।

'ਹਾਏ, ਪਿੰਜਣੀਆਂ 'ਚ ਜਾਨ ਗਈ।'

ਉਹ ਇਕ ਇਕ ਹੱਥ ਨਾਲ ਇਕ ਇਕ ਪਿੰਜਣੀ ਨੂੰ ਬਹੁਤ ਜ਼ੋਰ ਜ਼ੋਰ ਦੀ ਘੁੱਟ ਰਿਹਾ ਹੈ। ਉਸ ਦੀਆਂ ਆਪਣੀਆਂ ਬਾਹਾਂ ਵਿਚ ਦਰਦ ਹੋਣ ਲੱਗਿਆ ਹੈ।

'ਹਾਏ, ਢੂਹੀ...'

ਉਹ ਕਮਰ ਵਲ ਹੋਇਆ ਹੈ।

'ਹਾਏ, ਸਿਰ...' ਤੇ ਫਿਰ ਮਧੂ ਦੀਆਂ ਅੱਖਾਂ ਖੜ ਗਈਆਂ ਹਨ। ਹੁਣ ਉਸ ਨੂੰ ਕੋਈ ਹੋਸ਼ ਨਹੀਂ। ਉਸ ਦੇ ਸਰੀਰ ਦਾ ਕੋਈ ਵੀ ਹਿੱਸਾ ਦੱਬਣਾ ਘੁੱਟਣਾ ਫ਼ਜ਼ੂਲ ਹੈ। ਸਾਰਾ ਸਰੀਰ ਪਾਣੀ ਪਾਣੀ ਹੋ ਗਿਆ ਹੈ। ਤੇ ਫਿਰ ਠੰਡਾ ਬਰਫ਼। ਮਧੂ ਦੀ ਹੋਸ਼ ਨਹੀਂ ਪਰਤੀ। ਫਿੱਟ...

ਉਹ ਡਾਕਟਰ ਵਲ ਭੱਜਿਆ ਹੈ।

'ਡਾਕਟਰ ਸਾਅਬ...'

'ਬਈ, ਸਮਝ ਨਹੀਂ ਆਈ ? ਓ. ਪੀ. ਡੀ.' ਤੇ ਆਣਾ। ਜਾਓ, ਹੋਰ ਬੜੇ ਮਰੀਜ਼ ਨੇ।'

'ਉਹ ਤਾਂ ਜੀ... ਉਹ ਤਾਂ ਬੇਹੋਸ਼...'

'ਸ੍ਰੀਮਾਨ ਜੀ, ਜਾਓ...'

ਉਹ ਭੱਜ ਕੇ ਮਧੂ ਦੇ ਬੈਂਚ ਕੋਲ ਆਇਆ ਹੈ।

'ਮਧੂ ?'

ਮਧੂ ਹੋਸ਼ ਵਿਚ ਹੈ।

'ਕੀ ਕਹਿੰਦੇ ਨੇ ?' ਮਧੂ ਨੇ ਬਹੁਤ ਧੀਮੀ ਆਵਾਜ਼ ਵਿਚ ਪੁਛਿਆ ਹੈ।

'ਦਾਖ਼ਲ ਨਹੀਂ ਕਰ ਰਹੇ।'

ਹੁਣ ਫੇਰ ?...'

ਸ਼ਾਮ ਦੇ ਛੇ ਵੱਜ ਚੁਕੇ ਹਨ। ਸਰਦੀ ਦੀ ਰੁੱਤ ਹੈ। ਹਨੇਰਾ ਪਸਰਨ ਲੱਗਿਆ ਹੈ।

ਮਧੂ ਨੂੰ ਬੈਂਚ ਉਤੇ ਹੀ ਛੱਡ ਕੇ ਸਾਗਰ ਇਕ ਵਿੰਦ ਵੇਟਿੰਗ ਹਾਲ ਦੇ ਦਰਵਾਜ਼ੇ ਤੋਂ ਬਾਹਰ ਝਾਕਿਆ ਹੈ। ਟਰਾਲੀ ਨਵਾਂ ਮਰੀਜ਼ ਲੈ ਕੇ ਆਈ ਹੈ। ਗਰਮ ਕੋਟ ਪੈਂਟ ਨਾਲ ਚਿੱਟਾ ਕਮੀਜ਼ ਪਹਿਨਿਆ ਹੋਇਆ ਹੈ। ਟਾਈ ਦੀ ਨਾਟ ਢਿੱਲੀ ਹੈ ਤੇ ਕਮੀਜ਼ ਦਾ ਉਤਲਾ ਬਟਨ ਖੁਲ੍ਹਾ ਹੈ ਸੁਥਰ ਜਿਹਾ ਨੌਜਵਾਨ ਹੈ ਸਿਰ ਉਤੇ ਲੰਬੇ ਵਾਲ, ਧੁਰ ਜਬਾੜੇ ਤਕ ਰਖੀਆਂ ਕਲਮਾਂ ਤੇ ਨਿੱਕੀਆਂ ਨਿੱਕੀਆਂ ਮੁੱਛਾਂ। ਉਸ ਦੇ ਇਕ ਪੈਰ ਉਤੇ ਸੱਟ ਲੱਗੀ ਹੈ। ਉਸ ਦੀ ਟਰਾਲੀ ਨੂੰ ਵੇਟਿੰਗ ਹਾਲ ਵਿਚ ਨਹੀਂ ਲਿਆਂਦਾ ਗਿਆ। ਸਿਧਾ ਹੀ ਵਾਰਡ ਦੇ ਬੈੱਡ ਉਤੇ ਲਿਜਾ ਕੇ ਉਸ ਨੂੰ ਲਿਟਾਅ ਦਿਤਾ ਗਿਆ। ਟਰਾਲੀ ਉਤੋਂ ਆਪ ਹੀ ਉੱਠ ਕੇ ਉਹ ਥੱਲੇ ਉਤਰਿਆ ਸੀ ਤੇ ਬਿਨਾ ਕਿਸੇ ਤਕਲੀਫ਼ ਦੇ ਬੈੱਡ ਉਤੇ ਲੇਟ ਗਿਆ



Sri Satguru Jagjit Singh Ji Elibrary NamdhariElibrary@gmail.com

ਸੀ। ਨਾਲ ਆਏ ਦੋ ਲੜਕਿਆਂ ਨੇ ਡਿਊਟੀ ਉੱਤੇ ਹਾਜ਼ਰ ਡਾਕਟਰ ਦੇ ਕੰਨ ਵਿਚ ਕੁਝ ਕਿਹਾ ਸੀ, ਏਸੇ ਕਰਕੇ ਹੀ ਸ਼ਾਇਦ ਉਸ ਨੂੰ ਝੱਟ ਹੀ ਸਿੱਧਾ ਹੀ ਦਾਖ਼ਲ ਕਰ ਲਿਆ ਸੀ। ਟਰਾਲੀ ਉੱਤੋਂ ਆਪ ਹੀ ਉਤਰਨ ਤੇ ਫਿਰ ਬੈੱਡ ਉੱਤੇ ਆਪ ਹੀ ਲੇਟ ਜਾਣ ਤੇ ਉਸ ਦੁਆਲੇ ਖੜ੍ਹੀਆਂ ਦੋ ਸਿਸਟਰਾਂ ਉਸ ਦੇ ਚਿਹਰੇ ਵਲ ਗਹੁ ਨਾਲ ਦੇਖ ਰਹੀਆਂ ਹਨ। ਉਹ ਮੁਸਕਰਾ ਰਿਹਾ ਹੈ। ਇਕ ਸਿਸਟਰ ਨੇ ਆਪਣੇ ਬੁੱਲ੍ਹ ਸੁਕੇੜ ਕੇ ਸਿਰ ਝਟਕਿਆ ਹੈ। ਸੋਚ ਰਹੀ ਹੋਵੇਗੀ—ਐਮਰਜੰਸੀ ਵਿਚ ਆਉਣ ਦਾ ਮਤਲਬ ?

ਚਾਰ ਹੋਰ ਡਾਕਟਰ ਬੈੱਡ ਦੁਆਲੇ ਆਏ ਹਨ ਤੇ ਉਸ ਮਰੀਜ਼ ਦੀ ਜਾਂਚ-ਪੜਤਾਲ ਕਰਨ ਲੱਗੇ ਹਨ।

ਡਿਊਟੀ ਉੱਤੇ ਹਾਜ਼ਰ ਡਾਕਟਰ ਨੇ ਸਾਗਰ ਨੂੰ ਵਾਰਡ ਵਿਚ ਖੜਾ ਦੇਖ ਲਿਆ ਹੈ। ਸਿਸਟਰ ਨੂੰ ਅੱਖ ਦਾ ਇਸ਼ਾਰਾ ਕੀਤਾ ਹੈ। ਸਿਸਟਰ ਸਾਗਰ ਕੋਲ ਆਈ ਹੈ। ਪੁੱਛਿਆ ਹੈ-'ਤੁਹਾਡਾ ਕੋਈ ਪੇਸ਼ੈਂਟ ਹੈ ਇਥੇ ?'

'ਨਹੀਂ', ਉਹ ਤਾਂ...'
'ਪਲੀਜ਼, ਬਾਹਰ ਜਾਓ।'
'ਉਹ ਤਾਂ ਵੇਟਿੰਗ...।'
'ਮੈਂ ਕਿਹਾ, ਪਲੀਜ਼...'

ਸਾਗਰ ਵਾਰਡ ਤੋਂ ਬਾਹਰ ਆ ਗਿਆ। ਉਸ ਦੀ ਕੋਈ ਪੁੱਛ ਨਹੀਂ। ਉਸ ਦਾ ਹਰਾਸ ਟੁੱਟ ਗਿਆ ਹੈ। ਕਾਹਲੇ ਕਦਮੀਂ ਉਹ ਵੇਟਿੰਗ-ਹਾਲ ਵਿਚ ਆਇਆ ਹੈ। ਮਧੂ ਨਾਰਮਲ ਹੈ। ਪੁੱਛਿਆ ਹੈ, ਕੀ ਬਣਿਆ ?।

'ਕੁਛ ਨਹੀਂ', ਕੁਛ ਵੀ ਨਹੀਂ।'

'ਹੁਣ ਫੇਰ ?'

'ਚਲੀਏ ਫੇਰ ? ਏਥੇ ਕੋਈ ਸਰਾਂ ਦਸਦੇ ਨੇ। ਉਥੇ ਰਾਤ ਕਟਦੇ ਆਂ।'

'ਕਲ੍ਹ ਨੂੰ ?'

'ਕਲ੍ਹ ਤਾਂ ਐਤਵਾਰ ਐ। ਪਰਸੋਂ ਦੇਖਣਗੇ।'

'ਐਤਵਾਰ ? ਹਾਏ, ਕਿਵੇਂ ਨਿਕਲਣਗੀਆਂ ਦੋ ਰਾਤਾਂ ?' ਉਸ ਦੀ ਹਾਲਤ ਫਿਰ ਵਿਗੜਣ ਲੱਗੀ ਹੈ।

ਟਰਾਲੀ ਉੱਤੇ ਪਵਾ ਕੇ ਉਹ ਮਧੂ ਨੂੰ ਬਾਹਰ ਲਿਜਾ ਰਿਹਾ ਹੈ।

ਜਾਂਦੇ ਜਾਂਦੇ ਵਾਰਡ ਦੇ ਮੇਨ-ਗੇਟ ਕੋਲ ਡਿਊਟੀ ਤੇ ਬੈਠੇ ਕਲਰਕ ਤੋਂ ਸਾਗਰ ਨੇ ਪੁੱਛਿਆ ਹੈ-'ਮਿੱਤ੍ਰ' ਜੀ, ਕਲ੍ਹ ਨੂੰ ਨਹੀਂ ਕੁਛ ਹੋ ਸਕਦਾ ?'

'ਹੋਣਾ ਹੁੰਦਾ ਤਾਂ, ਭਾਈ ਸਾਅਬ, ਅੱਜ ਹੀ ਹੋ ਜਾਂਦਾ।'

'ਹੁਣ ਕੋਈ ਰਾਹ ?'

'ਇਕੋ ਰਾਹ ਐ, ਬੱਸ। ਸਿਫ਼ਾਰਸ਼।'

'ਸਿਫ਼ਾਰਸ਼ ?'

'ਹਾਂ' ਜੁੱਗ ਹੀ ਸਿਫ਼ਾਰਸ਼ ਦਾ ਐ। ਆਹ ਤੁਹਾਡੇ ਸਾਹਮਣੇ ਹੁਣੇ ਮਰੀਜ਼ ਦਾਖ਼ਲ ਹੋਇਐ ਪੈਰ 'ਤੇ ਸਾਧਾਰਣ ਚੋਟ ਆਈ ਐ। ਇਸ ਨੂੰ ਤਾਂ ਕੋਈ ਵੀ ਡਾਕਟਰ ਲੈ ਸਕਦਾ ਸੀ। ਐਮਰਜੈਂਸੀ ਵਾਲਾ ਤਾਂ ਕੇਸ ਨਹੀਂ ਇਹ। ?'
'ਨਹੀਂ ਹੈ।,
ਫੇਰ ? ਪਤੈ ਕਿਸ ਦਾ ਮੁੰਡਾ ਐ ਇਹ ?'

'ਕਿਸੇ ਦਾ ਐ ?'

ਕਲਰਕ ਪੁੱਤ ਦੇ ਵੱਡੇ ਪੁਲਿਸ ਅਫ਼ਸਰ ਦਾ ਨਾਉਂ ਲੈਂਦਾ ਹੈ, ਕਹਿੰਦਾ ਹੈ—ਡੰਡਾ ਕੰਮ ਕਰਦਾ ਐ, ਭਾਈ ਸਾਅਬ। ਸਿਫ਼ਾਰਸ਼ ਦਾ ਡੰਡਾ।'

ਟਰਾਲੀ ਮਧੂ ਨੂੰ ਲੈ ਕੇ ਕਾਰੀਡੋਰ ਦਾ ਅੱਧ ਟੱਪ ਗਈ ਹੈ। ਸਾਗਰ ਕਾਹਲ ਨਾਲ ਟਰਾਲੀ ਨਾਲ ਰਲਿਆ ਹੈ। ਐਮਰਜੈਂਸੀ ਦੇ ਵੱਡੇ ਗੇਟ ਤੋਂ ਪਾਰ ਟਰਾਲੀਮੈਨ ਨੇ ਮਧੂ ਨੂੰ ਉਸ ਥਾਂ ਉੱਤੇ ਉਤਾਰ ਦਿੱਤਾ ਹੈ, ਜਿਥੇ ਟੈਕਸੀ ਉਸ ਨੂੰ ਛੱਡ ਕੇ ਗਈ ਸੀ।

ਇਕ ਮੋਟਰ-ਰਿਕਸ਼ਾ ਵਿਚ ਬਿਠਾ ਕੇ ਸਾਗਰ ਉਸ ਨੂੰ ਸਰਾਂ ਦੇ ਦਰਵਾਜ਼ੇ ਤਕ ਲੈ ਆਇਆ ਹੈ। ਉਸ ਨੂੰ ਰਿਕਸ਼ਾ ਵਿਚ ਬੈਠੀ ਛੱਡ ਕੇ ਹੀ ਉਹ ਆਪ ਅੰਦਰ ਸਰਾਂ ਵਿਚ ਗਿਆ ਹੈ। ਪੁਛ ਗਿੱਛ ਕੀਤੀ ਹੈ। ਕੋਈ ਕਮਰਾ ਖ਼ਾਲੀ ਨਹੀਂ।

'ਮੋਟਰ-ਗੈਰਿਜਾਂ ਦੇ ਪਿਛਲੇ ਪਾਸੇ ਵੀ ਇਕ ਸਰਾਂ ਹੈ।' ਕਿਸੇ ਨੇ ਦਸਿਆ ਹੈ।

ਉਹ ਮੋਟਰ-ਰਿਕਸ਼ਾ ਨੂੰ ਉਸ ਛੋਟੀ ਸਰਾਂ ਦੇ ਦਰਵਾਜ਼ੇ ਉੱਤੇ ਲੈ ਆਇਆ ਹੈ। ਉਥੇ ਵੀ ਕੋਈ ਖ਼ਾਲੀ ਕਮਰਾ ਨਹੀਂ।

ਕਿਥੇ ਲੈ ਕੇ ਜਾਵੇ ਉਹ ਹੁਣ ਮਧੂ ਨੂੰ ?

ਸ਼ਹਿਰ ਵਿਚ ਤਾਂ ਕੋਈ ਵੀ ਠਹਿਰ ਨਹੀਂ। ਕੋਈ ਵੀ ਜਾਣ ਪਹਿਚਾਣ ਨਹੀਂ।



Sri Satguru Jagjit Singh Ji Elibrary NamdhariElibrary@gmail.com

ਸਰਦੀ ਬਹੁਤ ਉੱਤਰ ਆਈ ਹੈ। ਬਰਫ-ਭਿੱਜੀ ਤੇਜ਼ ਹਵਾ ਛੁਰੀ ਵਾਂਗ ਪਿੰਡਿਆਂ ਨੂੰ ਚੀਰ ਕੇ ਲੰਘ ਜਾਂਦੀ ਹੈ।

ਐਥੇ ਕਿਸੇ ਮੋਟਰ ਗੈਰਜ ਵਿਚ ਹੀ ਬਿਸਤਰਾ ਲਾ ਲਉ ਦੋਸਤ। ਰਾਤ ਨਿਕਲ ਜਾਏਗੀ। ਸਵੇਰ ਕੋਈ ਪ੍ਰਬੰਧ ਕਰ ਲੈਣਾ। ਰਿਕਸ਼ਾ ਡਰਾਈਵਰ ਨੇ ਸਲਾਹ ਦਿਤੀ ਹੈ।

ਸਾਗਰ ਨੇ ਵੇਖਿਆ ਹੈ, ਮੋਟਰ ਗੈਰਜਾਂ ਦੇ ਤਿੜਕੇ ਟੁੱਟੇ ਫਰਸ਼ਾਂ ਉਤੇ ਹੋਰ ਲੋਕਾਂ ਦੇ ਬਿਸਤਰੇ ਲੱਗੇ ਹੋਏ ਹਨ। ਇਕ ਖੂੰਜਾ ਜਿਹਾ ਵੇਖ ਕੇ ਉਸ ਨੇ ਵੀ ਆਪਣਾ ਬਿਸਤਰਾ ਖੋਲ ਦਿੱਤਾ ਹੈ। ਗੁਦੇਲੇ ਉਤੇ ਘਸੀ ਹੋਈ ਚਾਦਰ ਵਿਛਾਈ ਹੈ। ਖੇਸ ਦਾ ਸਿਰਾਣਾ ਲਾ ਕੇ ਮਧੂ ਨੂੰ ਮੋਟਰ ਰਿਕਸ਼ਾ ਵਿਚੋਂ ਬਾਹੋਂ ਫੜ ਕੇ ਉਤਾਰਿਆ ਹੈ। ਮਧੂ ਖੜ੍ਹ ਨਹੀਂ ਸਕੀ ਹੈ। ਥਾਂ ਦੀ ਥਾਂ ਲੁੜਕ ਗਈ ਹੈ। ਆਪਣੇ ਮੋਢੇ ਚੁੱਕ ਕੇ ਸਾਗਰ ਨੇ ਉਸ ਨੂੰ ਬਿਸਤਰ ਉਤੇ ਲਿਟਾਅ ਦਿਤਾ ਹੈ। ਰਿਕਸ਼ਾ ਵਾਲੇ ਨੂੰ ਪੁੱਛਿਆ ਹੈ 'ਕਿੰਨੇ ਪੈਸੇ ਦਿਆਂ ?'

'ਜਿੰਨੇ ਮਰਜ਼ੀ ਦੇ ਦਿਓ, ਬਾਦਸ਼ਾਓ।'

'ਫਿਰ ਵੀ ?'

'ਦੇ ਦਿਓ। ਜੇ ਦਸ ਪੈਸੇ ਘੱਟ ਵੀ ਦੇ ਦਿਉਂਗੇ ਤਾਂ ਵੀ ਕੀਹ ਐ।

'ਨਾਂਹ, ਦੱਸ ਦਿਓ।'

ਤੇ ਫਿਰ ਜਿੰਨੇ ਪੈਸੇ ਉਸ ਨੇ ਮੰਗੇ ਹਨ, ਸਾਗਰ ਨੂੰ ਵੱਧ ਜਾਪੇ ਹਨ ਪਰ ਉਸ ਨੇ ਬਿਨਾਂ ਕਿਸੇ ਇਤਰਾਜ਼ ਤੋਂ ਓਨੇ ਹੀ ਦੇ ਦਿਤੇ ਹਨ। ਰਜ਼ਾਈ ਦੀ ਤਹਿ ਖੋਲ੍ਹ ਕੇ ਮਧੂ ਦੇ ਸਾਰੇ ਸਰੀਰ ਨੂੰ ਚੰਗੀ ਤਰ੍ਹਾਂ ਲਪੇਟ ਦਿਤਾ ਹੈ।

ਮਧੂ ਸਹਿਜ ਅਵਸਥਾ ਵਿਚ ਹੈ।

ਉਹ ਉਸ ਦਾ ਦਿਲ ਧਰਾ ਕੇ ਕਾਹਲ ਨਾਲ ਬੱਸ ਸਟਾਪ ਕੋਲ ਬਣੇ ਅਸਥਾਈ ਹੋਟਲਾਂ 'ਤੇ ਗਿਆ ਹੈ। ਜੋ ਵੀ ਹੋਟਲ ਸਾਹਮਣੇ ਆਇਆ ਹੈ ਉਸ ਵਿਚ ਉਹਨੇ ਛੇਤੀ ਛੇਤੀ ਰੋਟੀ ਖਾਧੀ ਹੈ। ਖਾਧੀ ਕਾਹਨੂੰ, ਪਸ਼ੂਆਂ ਵਾਂਗ ਅੱਧ ਚਿੱਥੀ ਹੀ ਅੰਦਰ ਨਿਗਲ ਲਈ ਹੈ। ਉਸ ਨੂੰ ਪਤਾ ਹੈ, ਮਧੂ ਨੇ ਰੋਟੀ ਨਹੀਂ ਖਾਣੀ। ਦੁਧ ਵੀ ਸ਼ਾਇਦ ਹੀ ਪੀ ਸਕੇ। ਉਸ ਨੇ ਇਕ ਗਿਲਾਸ ਚਾਹ ਬਣਵਾਈ ਹੈ ਤੇ ਡਬਲ ਰੋਟੀ ਦੇ ਦੋ ਪੀਸ ਲੈ ਕੇ ਹਵਾ ਦੀ ਤੇਜ਼ੀ ਨਾਲ ਮਧੂ ਕੋਲ ਆ ਗਿਆ ਹੈ।

ਮਧੂ ਨੂੰ ਫਿੱਟ ਪਿਆ ਹੋਇਆ ਹੈ।

ਉਸ ਦੇ ਸਿਰਹਾਣੇ ਕੋਲ ਚਾਹ ਦੇ ਗਿਲਾਸ ਉਤੇ ਡਬਲ ਰੋਟੀ ਦੇ ਪੀਸ ਰੱਖ ਕੇ ਉਹ ਪਾਣੀ ਲੈਣ ਦੌੜ ਗਿਆ ਹੈ। ਪਾਣੀ ਉਸ ਨੂੰ ਨਹੀਂ ਲੱਭ ਰਿਹਾ। ਉਹ ਵਾਪਸ ਆਇਆ ਹੈ ਤੇ 'ਮਧੂ ਮਧੂ' ਕਹਿ ਕੇ ਉੱਚੀ ਉੱਚੀ ਪਾਗਲਾਂ ਵਾਂਗ ਉਸ ਨੂੰ ਬੁਲਾਉਣ ਲੱਗਿਆ ਹੈ। ਠੋਡੀ ਫੜ ਕੇ ਉਸ ਨੂੰ ਝੰਜੋੜ ਦਿਤਾ ਹੈ। ਉਹ ਨਹੀਂ ਬੋਲੀ। ਫਿਰ ਉਸ ਨੇ ਉਸ ਦਾ ਨੱਕ ਫੜ ਕੇ ਘੁਟ ਦਿਤਾ ਹੈ। ਦੂਜੇ ਹਥ ਨਾਲ ਮੂਹ ਖੋਲ ਦਿਤਾ ਹੈ। ਮਧੂ ਨੂੰ ਮੂਹ ਵਿਚ ਦੀ ਔਖਾ ਸਾਹ ਆ ਗਿਆ ਹੈ। ਉਸ ਨੇ ਅੱਖਾਂ ਪੁਟੀਆਂ ਹਨ।

'ਮਧੂ !'

"ਹਾਂ !"

'ਠੀਕ ਐਂ ?'

'ਹਾਂ ਜੀ।'

ਸਾਗਰ ਨੇ ਹਥੇਲੀ ਨਾਲ ਮਧੂ ਦੇ ਮੱਥੇ ਉਤੋਂ ਪਸੀਨਾ ਪੂੰਝਿਆ ਹੈ।

'ਚਾਹ ਦੀ ਘੁਟ ਲਏਂਗੀ ?'

'ਵੇਖ ਲੈਨੀ ਆਂ।'

ਡਬਲ ਰੋਟੀ ਦਾ ਪੀਸ ਵੀ ਲੈ ਲੈ। ਦੋ ਲਿਆਂਦੇ ਨੇ। ਅੰਨ ਦਾ ਆਧਾਰ ਹੋਵੇਗਾ ਤਾਂ ਨੀਂਦ ਆ ਜਾਵੇਗੀ। ਰਾਤ ਨਿਕਲ ਜਾਵੇਗੀ।'

ਮੋਢਿਆਂ ਤੋਂ ਫੜ ਕੇ ਉਸ ਨੇ ਮਧੂ ਨੂੰ ਬਠਾਇਆ ਹੈ। ਚਾਹ ਦਾ ਗਿਲਾਸ ਮੂਹ ਨੂੰ ਲਾ ਦਿਤਾ ਹੈ। ਛੋਟੀ ਜਿਹੀ ਇਕ ਘੁਟ ਭਰ ਕੇ ਉਹ ਬਸ ਕਰ ਗਈ ਹੈ ਤੇ ਲੇਟ ਜਾਣ ਲਈ ਕਿਹਾ ਹੈ।

'ਦੁਧ ਤਾਂ ਪੀਂਦੀ ?'

'ਕੀ ਕਰਾਂ ਜੀ, ਲੰਘਦੀ ਨਹੀਂ।'

'ਹੋਰ ਕੋਈ ?'

'ਬਸ ਠੀਕ ਐ, ਕਾਸੇ ਦੀ ਲੋੜ ਨਹੀਂ।'

ਸਾਰੀ ਰਾਤ ਮਧੂ ਦੀ ਹਾਲਤ ਖਰਾਬ ਰਹੀ ਹੈ। ਸਿਰ, ਕਮਰ ਤੇ ਲਤਾਂ ਵਿਚ ਸਖਤ ਪੀੜਾਂ ਦਾ ਦੌਰਾ, ਤੇਣੀ ਤੇ ਫਿਰ ਠੰਡਾ ਬਰਫ ਸਰੀਰ।

ਉਸ ਦੀ ਗਰਮ ਪੈਂਟ ਪਿਛਲੇ ਸਤ ਦਿਨਾਂ ਤੋਂ ਪਜਾਮਾ ਬਣੀ ਹੋਈ ਹੈ। ਟੈਰੀਕਾਟ ਦਾ ਉਹੀ ਟੀ-ਸ਼ਰਟ ਬਹੁਤ ਮੈਲਾ ਹੋ ਚੁੱਕਿਆ ਹੈ। ਕੋਟ ਉਹ ਪਾ ਕੇ ਨਹੀਂ ਆਇਆ ਸੀ। ਕਈ ਸਾਲ ਪੁਰਾਣਾ ਅਸਮਾਨੀ ਰੰਗ ਦਾ ਸਵੈਟਰ ਪਹਿਨਿਆ ਹੋਇਆ ਹੈ। ਦੋ ਹਵਕਿਆਂ ਤੋਂ ਮਾਵਾ ਦਿਤੀ ਪਾਣੀ ਲਾ ਕੇ



Sri Satguru Jagjit Singh Ji Elibrary NamdhariElibrary@gmail.com

ਬੰਨ੍ਹੀ ਪੱਗ ਮੱਥੇ ਤੇ ਗਿਚੀ ਤੋਂ ਤੇਲੀਆਂ ਹੋ ਗਈ ਹੈ। ਸਾਰੀ ਰਾਤੀ ਹੀ ਉਹ ਮਧੂ ਦੇ ਸਰੀਰ ਵਿਚੋਂ ਉਠਦੀਆਂ ਪੀੜਾਂ ਨੂੰ ਦਬਦਾ-ਘੁਟਦਾ ਰਿਹਾ ਹੈ। ਬੈਠਾ ਹੀ ਰਿਹਾ ਹੈ। ਅੱਖ ਤਾਂ ਇਕ ਬਿੰਦ ਵੀ ਨਹੀਂ ਲਾ ਸਕਿਆ।

ਤੇ ਫੇਰ ਛੇ ਵਜੇ ਕਰੀਬ ਮਧੂ ਟਿਕ ਗਈ ਹੈ। ਨਾ ਹੂੰਗਰ ਤੇ ਨਾ ਪਾਸਾ ਪਰਤਦੀ ਹੈ। ਸ਼ਾਇਦ ਸੌਂ ਗਈ ਹੋਵੇਗੀ। ਸੌਂ ਹੀ ਗਈ ਹੋਵੇਗੀ। ਸਾਗਰ ਨੇ ਉਸ ਨੂੰ ਬੁਲਾਉਣਾ ਨਹੀਂ ਚਾਹਿਆ। ਸਾਰੀ ਰਾਤ ਦੀਆਂ ਪੀੜਾਂ ਨਾਲ ਸਰੀਰ ਟੁੱਟ ਕੇ ਨਿਢਾਲ ਹੋ ਗਿਆ ਹੈ। ਏਸੇ ਕਰਕੇ ਹੀ ਨੀਂਦ ਆ ਗਈ ਹੈ। ਚੰਗਾ ਹੀ ਹੈ। ਟਿਕ ਲਵੇ ਬਿੰਦ।

ਪਿਸ਼ਾਬ ਕਰਨ ਲਈ ਉਹ ਗੈਰਿਜ ਤੋਂ ਬਾਹਰ ਆਇਆ ਹੈ। ਸਿਹਤ-ਕੇਂਦਰ ਦੀਆਂ ਟਿਊਬਾਂ ਮੱਧਮ-ਮਧਮ ਜਗ ਰਹੀਆਂ ਹਨ। ਗੈਰਿਜਾਂ ਉਤੇ ਲਗੀਆਂ ਡਾਕਟਰਾਂ ਦੀਆਂ ਨੇਮ ਪਲੇਟਾਂ ਵਲ ਉਸ ਦੀ ਨਿਗਾਹ ਗਈ ਹੈ। ਗੈਰਿਜਾਂ ਦੀ ਲਾਈਨ ਦੂਰ ਤਕ ਹੈ। ਸੋ ਉਹ ਚਾਰ-ਪੰਜ ਪਲੇਟਾਂ ਦੇ ਨਾਉਂ ਹੀ ਪੜ੍ਹ ਸਕਿਆ ਹੈ ਉਂਜ ਉਸ ਨੂੰ ਦੂਰ ਤਕ ਲਗੀਆਂ ਕਾਲੀਆਂ ਪਲੇਟਾਂ ਦਿਸ ਜ਼ਰੂਰ ਰਹੀਆਂ ਹਨ। "ਕਲ ਵਾਲੇ ਡਿਊਟੀ ਉਤੇ ਹਾਜ਼ਰ ਡਾਕਟਰ ਦੀ ਕਿਹੜੀ ਪਲੇਟ ਹੋਵੇਗੀ ?' ਉਹ ਨਿਗਾਹ ਮਾਰਦਾ ਹੈ।

ਉਹ ਦਬੇ ਪੈਰੀਂ ਗੈਰਿਜ ਦੀ ਛਤ ਹੇਠ ਆਇਆ ਹੈ। ਚੁਪ ਕਰਕੇ ਮਧੂ ਦੇ ਨਾਲ ਹੀ ਰਜਾਈ ਵਿਚ ਘੁਸ ਗਿਆ ਹੈ। ਮਧੂ ਹਿਲੀ ਨਹੀਂ। ਸਾਗਰ ਨੇ ਇਕ ਬਿੰਦ ਅੱਖ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਸੌਂ ਗਿਆ ਹੈ।

ਸੁਪਨੇ ਵਿਚ ਵੀ ਉਹ ਸੰਘਰਸ਼ ਵਿਚ ਦੀ ਗੁਜ਼ਰ ਰਿਹਾ ਹੈ।...ਸਭ ਕਿਸਮ ਦੇ ਲੋਕਾਂ ਲਈ ਡਾਕਟਰੀ ਸਹੂਲਤਾਂ ਇਕੋ ਜਿਹੀਆਂ ਕਿਉਂ ਨਹੀਂ ?

...ਮਧੂ ਜ਼ਿੰਦਗੀ ਨਾਲ ਘੁਲ ਰਹੀ ਹੈ।

...ਇਹ ਐਮਰਜੈਂਸੀ ਵਾਲਾ ਕੇਸ ਨਹੀਂ।

...ਪੁਲਿਸ ਅਫਸਰ ਦਾ ਮੁੰਡਾ, ਪੈਰ ਉੱਤੇ ਹੀ ਚੋਟ ਆਈ ਸੀ, ਮਰ ਤਾਂ ਨਹੀਂ ਚਲਿਆ ਸੀ। ਸਿਧਾ ਹੀ ਐਮਰਜੈਂਸੀ ਬੈੱਡ। ਇਹ ਡਾਕਟਰ ਹਨ ਜਾਂ ਬੁੱਚੜ ?

ਉਸ ਦੇ ਸਾਹਮਣੇ ਇਕ ਡਾਕਟਰ ਆਇਆ ਹੈ। ਪੈਂਟ ਦੀ ਹਿਪ ਪਾਕਟ ਵਿਚੋਂ ਚਾਕੂ ਕਢ ਕੇ ਉਸ ਡਾਕਟਰ ਦੀ ਵਖੀ ਵਿਚ ਖੋਭ ਦਿਤਾ ਹੈ। ਇਕ ਡਾਕਟਰ ਹੋਰ, ਇਕ ਹੋਰ। ਸਭ ਡਾਕਟਰ ਜ਼ਮੀਨ ਉਤੇ ਮੂਧੇ ਮੂਹ ਡਿਗੇ ਪਏ ਹਨ। ਲਹੂ ਵਗ ਰਿਹਾ ਹੈ। ਜ਼ਮੀਨ ਲਾਲ ਹੋ ਗਈ ਹੈ। ਇਕ ਇਕ ਡਾਕਟਰ ਨੂੰ ਉਲਟਾ ਉਲਟਾ ਉਸ ਨੇ ਵੇਖਿਆ ਹੈ। ਇਨ੍ਹਾਂ ਵਿਚ ਕਲ ਵਾਲਾ ਡਿਊਟੀ ਉਤੇ ਹਾਜ਼ਰ ਡਾਕਟਰ ਤਾਂ ਹੈ ਹੀ ਨਹੀਂ। ਪੈਰਾਂ ਵਿਚ ਕਾਲੇ ਬੂਟ ਤਾਂ ਸਭ ਦੇ ਹਨ। ਉਸ ਵਰਗੀ ਸਲੇਟੀ ਰੰਗ ਦੀ ਬਰਸਟਡ ਪੈਂਟ ਤਾਂ ਕਈਆਂ ਦੇ ਹੈ।

ਸਫ਼ੈਦ ਕੋਟ ਤਾਂ ਸਾਰਿਆਂ ਨੇ ਪਹਿਨੇ ਹੋਏ ਹਨ। ਐਨਕ ਵੀ ਤਿੰਨ ਜਣਿਆਂ ਦੇ ਹੈ। ਹੁਣ ਫਰਸ਼ ਉਤੇ ਡਿਗੇ ਕੇ ਤਿੰਨੇ ਐਨਕਾਂ ਟੁੱਟ ਗਈਆਂ ਹਨ ਤੇ ਦੂਰ ਜਾ ਡਿੱਗੀਆਂ ਹਨ। ਪੱਕਾ ਰੰਗ ਦੋ ਜਣਿਆਂ ਦਾ ਹੈ। ਹਾਂ, ਹਾਂ ਪਰ, ਉਸ ਦੇ ਨੱਕ ਉਤੇ ਇਕ ਵੱਡਾ ਮਹੁਕਾ ਸੀ। ਮਹੁਕਾ ਤਾਂ ਕਿਸੇ ਦੇ ਵੀ ਨੱਕ ਉਤੇ ਨਹੀਂ ਹੈ।

ਨਾਲ ਦੇ ਗੈਰਿਜਾਂ ਵਿਚ ਵਿਛੇ ਬਿਸਤਰੇ ਉਠਾਏ ਜਾ ਰਹੇ ਹਨ। ਕੁਝ ਮਿੰਨਾ ਮਿੰਨਾ ਜਿਹਾ ਸ਼ੋਰ ਸਰਦ ਸਵੇਰ ਵਿਚ ਘੁਲਣ ਲਗਿਆ ਹੈ। ਬਰਤਨਾਂ ਦੇ ਖੜਕਣ ਦੀ ਅਵਾਜ਼। ਸਾਗਰ ਦੀ ਅੱਖ ਖੁਲ੍ਹ ਗਈ ਹੈ। ਇਕ ਦਮ ਬੈਠਾ ਹੋ ਕੇ ਉਸ ਨੇ ਮਧੂ ਨੂੰ ਜਗਾਉਣਾ ਚਾਹਿਆ ਹੈ। ਨਹੀਂ ਜਗਾਇਆ।

'ਕਿਉਂ ਨਾ ਭਜ ਕੇ ਚਾਹ ਦਾ ਗਿਲਾਸ ਲੈ ਆਵਾਂ ਤੇ ਨਾਲੇ ਆਪ ਵੀ ਪੀ ਲਵਾਂ ?'

ਵਾਪਸ ਆ ਕੇ ਉਸ ਨੇ ਮਧੂ ਨੂੰ ਬਹੁਤ ਧੀਮੀ ਅਵਾਜ਼ ਵਿਚ ਬੁਲਾਇਆ ਹੈ। ਉਹ ਨਹੀਂ ਬੋਲੀ। ਸਾਗਰ ਨੇ ਉਸ ਦਾ ਮੋਢਾ ਝੰਜੋੜਿਆ ਹੈ। ਉਹ ਫਿਰ ਵੀ ਨਹੀਂ ਹਿਲੀ। ਨਾ ਹੀ ਬੋਲੀ ਹੈ। ਫਿਰ ਉਸ ਨੇ ਉੱਚੀ ਅਵਾਜ਼ ਵਿਚ ਕਿਹਾ ਹੈ।

'ਮਧੂ .....'
ਉਹ ਨਹੀਂ ਬੋਲੀ।
ਉਸ ਵਿਚ ਕੋਈ ਸਾਹ ਨਹੀਂ।

ਬਹੁਤ ਉੱਚੀ ਅਵਾਜ਼ ਵਿਚ ਉਸ ਨੇ 'ਮਧੂ ..' ਕਿਹਾ ਹੈ ਤੇ ਚੀਖ ਉਠਿਆ ਹੈ।

ਅੱਠ ਵਜਣ ਵਾਲੇ ਹਨ।

ਇਕੇ-ਦੁਕੇ ਡਾਕਟਰਾਂ ਦੀਆਂ ਕਾਰਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਹਰ ਡਾਕਟਰ ਦੀ ਕਾਰ ਉਸ ਦੇ ਆਪਣੇ ਗੈਰਜ ਵਿਚ ਆਪਣੇ ਗੈਰਿਜ, ਜਿਸ ਉਤੇ ਉਸ ਦੀ ਨੇਮ ਪਲੇਟ ਲਗੀ ਹੋਈ ਹੈ।

ਬੇਸੁਧ ਜਿਹਾ ਹੋਇਆ ਸਾਗਰ ਗੋਡਿਆਂ ਵਿਚਕਾਰ ਸਿਰ ਦਈਂ ਚੁਪ ਬੈਠਾ ਹੈ। ਪਤਾ ਨਹੀਂ ਕੀ ਸੋਚ ਰਿਹਾ ਹੈ।

ਸਾਢੇ ਅੱਠ ਦੇ ਕਰੀਬ ਇਕ ਕਾਰ ਸਰਤ ਦੇ ਕੇ ਧਰਤੀ ਮੁੱਧਰਦੀ ਉਸ ਦੇ ਬਹੁਤ ਨਜ਼ਦੀਕ ਦੀ ਲੰਘ ਗਈ ਹੈ। ਥੋੜ੍ਹੀ ਦੂਰ ਜਾ ਕੇ ਰੁਕੀ ਹੈ। ਉਸ ਤੋਂ ਦੋ ਗੈਰਿਜ ਛਡ ਕੇ ਹੀ। ਡਾਕਟਰ ਆਇਆ ਹੈ। ਪਕਾ ਰੰਗ। ਨਕ ਉਤੇ ਮਹੁਕਾ।

ਸਾਗਰ ਨੇ ਉਸ ਨੂੰ ਪਹਿਚਾਣ ਲਿਆ ਹੈ।

ਤੇ ਫਿਰ ਉਸ ਦੀ ਨਜ਼ਰ ਕੋਲ ਪਏ ਇਕ ਅਣ-ਘੜ ਪਥਰ ਉਤੇ ਜਾ ਟਿਕੀ ਹੈ। ਬਿਜਲੀ ਦੀ ਫੁਰਤੀ ਨਾਲ ਪਥਰ ਚੁੱਕ ਕੇ ਉਸ ਨੇ ਡਾਕਟਰ ਵਲ ਵਗਾਹ ਦਿਤਾ ਹੈ ਡਾਕਟਰ ਦੇ ਮਥੇ ਵਿਚੋਂ ਲਹੂ ਦੀ ਧਾਰ ਵਗਣ ਲਗੀ ਹੈ।

'ਇਹ ਐਮਰਜੈਂਸੀ ਕੇਸ ਨਹੀਂ ਸੀ, ਡਾਕਟਰ ?' ਸਾਗਰ ਦੀ ਚੀਕਦੀ ਆਵਾਜ਼ ਸਾਰੇ ਵਾਤਾਵਰਣ ਵਿਚ ਗੂੰਜ ਗਈ ਹੈ।

ਕੱਚਾ ਕਾਲਜ ਰੋਡ

ਬਰਨਾਲਾ-੧੪੮੧੦੧


Sri Satguru Jagjit Singh Ji Elibrary NamdhariElibrary@gmail com

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ—



ਸਤਿਗੁਰੂ ਜਗਜੀਤ ਸਿੰਘ ਜੀ
ਇਕ ਪੁਰਾਣੀ ਤਸਵੀਰ

(ਲੜੀ ਜੋੜਨ ਲਈ ਮਈ ੧੯੯੦ ਅੰਕ ਵੇਖੋ)

### ੧੧ ਜਨਵਰੀ ੧੯੬੨

ਅੱਜ ੧੨ ਵਜੇ ਦੁਪਹਿਰੇ ਕੋਠੀ ਜੀਵਨ ਨਗਰ ਵਿਖੇ ਕਰੀਬ ੨੫੦ ਆਦਮੀਆਂ ਦਾ ਇੱਕਠ ਹੋਇਆ। ਇਹ ਲੋਕ ਦੂਰ ਨੇੜੇ ਦੇ ਪਿੰਡਾਂ ਦੇ ਸਨ ਜਿਹੜੇ ਇਲਾਕੇ ਦੀਆਂ ਵੋਟਾਂ ਕਿਸਨੂੰ ਪਾਈਆਂ ਜਾਣ ਦਾ ਫੈਸਲਾ ਕਰਨ ਲਈ ਜੁੜੇ ਸਨ। ਸ. ਅਵਤਾਰ ਸਿੰਘ ਡੱਬਰ ਨੇ ਮੈਨੂੰ ਆਰੰਭ ਵਿਚ ਹੀ ਵੋਟਾਂ ਬਾਰੇ ਕੁਝ ਕਹਿਣ ਲਈ ਖਲਿਹਾਰਿਆ। ਮੈਂ ਆਪਣੀ ਸਮਝ ਅਨੁਸਾਰ ਵੋਟ ਦੀ ਮਹੱਤਤਾ ਤੇ ਚਾਨਣ ਪਾਇਆ ਕਿ ਕਿਵੇਂ ਜਮਾਤੀ ਦੁਸ਼ਮਨ ਨੂੰ ਪਾਈ ਵੋਟ ਸਾਡੇ ਖਿਲਾਫ ਹੀ ਵਰਤੀ ਜਾਂਦੀ ਹੈ ਤੇ ਕਿਵੇਂ ਮਿੱਤਰ ਸ਼ਕਤੀਆਂ ਇਸ ਹਥਿਆਰ ਤੋਂ ਲਾਭ ਪ੍ਰਾਪਤ ਕਰਦੀਆਂ ਹਨ।

ਸ. ਅਵਤਾਰ ਸਿੰਘ ਦੀ ਪਰੇਰਨਾ ਨਾਲ, ਅੰਤ ਨੂੰ ਹਰੀਜਨ ਕੇਸਰਾ ਰਾਮ ਦੇ ਹਕ ਵਿਚ ਫੈਸਲਾ ਹੋ ਗਿਆ।

ਸਤਿਗੁਰੂ ਜੀ ਨੂੰ ਜਦੋਂ ਇਸ ਫੈਸਲੇ ਦਾ ਪਤਾ ਲਗਾ ਤਾਂ ਉਹਨਾਂ ਕਿਹਾ ਮੇਰੀ ਦਿਲਚਸਪੀ ਤਾਂ ਰੋੜੀ ਦੇ ਇਲਾਕੇ ਵਿਚਲੇ ਕੰਡੀਡੇਟ ਦੀ ਮਦਦ ਕਰਨ ਦੀ ਸੀ ਪਰ ਜੋ ਏਥੇ ਫੈਸਲਾ ਹੋਇਆ ਹੈ ਤਾਂ ਇਹ ਵੀ ਸੋਹਣੀ ਗੱਲ ਹੈ।

ਮੀਟਿੰਗ ਇਸ ਫੈਸਲੇ ਨਾਲ ਵੀ ਖਤਮ ਹੋਈ ਕਿ ੧੪ ਜਨਵਰੀ ਨੂੰ ਕਰੀਵਾਲੇ ਦੇ ਮੇਲੇ ਤੇ ਗਿਆਰਾਂ ਵਜੇ ਕੇਸਰਾ ਰਾਮ ਆਵੇ ਤੇ ਏਥੇ ਜੁੜੇ ਲੋਕਾਂ ਸਾਹਵੇਂ ਆਪਣੀ ਪੁਜ਼ੀਸ਼ਨ ਸਪਸ਼ਟ ਕਰੇ।

ਸੰਤ ਮੰਗਲ ਸਿੰਘ ਲਾਇਲਪੁਰੀ ਵੀ ਰਾਤ ਦੇ ਏਥੇ ਆਏ ਹੋਏ ਹਨ।

### ੧੨ ਜਨਵਰੀ ੧੯੬੨

ਸੰਤ ਮੰਗਲ ਸਿੰਘ ਅਤੇ ਮੈਂ ਸੰਤ ਨਗਰੋਂ ਸਵੇਰੇ ਜੀਵਨ ਨਗਰ ਪਹੁੰਚੇ ਤਾਂ ਸਤਿਗੁਰੂ ਜੀ ੧੦-੩੦ ਵਜੇ ਤਕ ਜੀਵਨ ਨਗਰੋਂ ਜਾ ਚੁਕੇ ਸਨ। ਉਹ ਮਾਘੀ ਦੇ ਮੇਲੇ ਮੁਕਤਸਰ ਲਈ ਤੁਰੇ ਸਨ। ਰਾਹ ਵਿਚ ਉਹਨਾਂ ਦਾ ਕੀ ਪ੍ਰੋਗਰਾਮ ਹੈ ਇਸ ਦਾ ਕੋਈ ਪਤਾ ਨਹੀਂ।

### ੧੪ ਜਨਵਰੀ ੧੯੬੨

ਸੰਤ ਮੰਗਲ ਸਿੰਘ ਜੀ ਅਤੇ ਮੈਂ ੯-੩੦ ਵਜੇ ਟੈਕਸੀ ਸਾਈਕਲ ਤੇ ਕਰੀਵਾਲੇ ਗਏ। ਕਰੀਵਾਲੇ ਆਕੇ ਪਤਾ ਲਗਾ ਕਿ ਸ੍ਰੀ ਕੇਸਰਾ ਰਾਮ ਨੂੰ ਖਬਰ ਨਹੀਂ ਕੀਤੀ ਜਾ ਸਕੀ।



Sri Satguru Jagjit Singh Ji Elibrary NamdhariElibrary@gmail.com

ਇਸ ਵਾਸਤੇ ਉਹ ਦੀਵਾਨ ਵਿਚ ਨਹੀਂ ਆ ਸਕੇਗਾ। ਇਹ ਮੇਲਾ ਪੰਚਮੀ ਕਰੀਵਾਲੇ ਵਿਚ ਹੋਇਆ। ਇਸ ਦੇ ਮੋਢੀ ਵਡਾਣੀਏ ਸੰਤ ਚਤਰ ਸਿੰਘ ਹਰੀ ਸਿੰਘ ਹੁਰੀਂ ਸਨ। ਉਹਨਾਂ ਨੇ ਸੰਤ ਪ੍ਰੀਤਮ ਸਿੰਘ ਜੀ ਚੇਲੇਕਿਆਂ ਵਾਲਿਆਂ ਦੇ ਸਨੇਹ ਵਿਚ ਇਹ ਆਯੋਜਨ ਕੀਤਾ ਸੀ। ਇਕ ਅਖੰਡ ਪਾਠ ਦਾ ਭੋਗ ਵੀ ਅਜ ਹੀ ਪੈਣਾ ਸੀ।

ਸ੍ਰੀ ਸਤਿਗੁਰੂ ਜੀ, ਮਹਾਰਾਜ ਬੀਰ ਸਿੰਘ ਜੀ ਦੋਵੇਂ ਬੇਬੇ ਜੀ ਅਤੇ ਦੋਵੇਂ ਠਾਕਰ ਇਸ ਅਵਸਰ ਤੇ ਕਰੀਵਾਲੇ ਪਹੁੰਚੇ। ਮੰਗਲ ਸਿੰਘ ਜੀ ਵਿਛੜ ਗਏ ਤੇ ਅਸੀਂ ਸਾਰਾ ਸਾਰਾ ਦਿਨ ਇਕ ਦੂਜੇ ਨੂੰ ਲਭਦਿਆਂ ਹੀ ਗਵਾ ਦਿਤਾ।

ਸਤਿਗੁਰੂ ਜੀ ਨੇ ਦੱਸਿਆ ਕਿ ਅੰਮ੍ਰਿਤਸਰੋਂ ਲਗ ਕੇ ਹਿਸਾਰ ਤਕ ਸਾਰੇ ਲੋਕੀਂ ਅਕਾਲੀਆਂ ਦੇ ਖਿਲਾਫ ਹੋ ਗਏ ਹਨ। ਅਜੇ ਪੰਦਰਾਂ ਦਿਨ ਪਹਿਲਾਂ ਸਭੇ ਲੋਕ ਅਕਾਲੀਆਂ ਦੇ ਸਪੋਰਟਰ ਜਾਪਦੇ ਹਨ। ਅੱਜ ਕਲ ਲੋਕੀਂ ਕਾਂਗਰਸ ਦੇ ਹਕ ਵਿਚ ਵੀ ਗੱਲਾਂ ਕਰਦੇ ਹਨ।

ਸੰਤ ਮੰਗਲ ਸਿੰਘ ਜੀ ਨੂੰ ਕਰੀਵਾਲੇ ਹੀ ਛਡ ਮੈਂ ਸਤਿਗੁਰੂ ਜੀ ਦੀ ਆਗਿਆ ਨਾਲ ਸੰਤ ਨਗਰ ਪਹੁੰਚ ਸ੍ਰ. ਭਗਤ ਸਿੰਘ, ਸੰਤ ਕਰਤਾਰ ਸਿੰਘ ਅਤੇ ਬੀਬੀ ਪ੍ਰਸਿਨੀ ਨੂੰ ਕਰੀਵਾਲੇ ਹਜ਼ੂਰ ਨੂੰ ਮਿਲਣ ਲਈ ਭੇਜਿਆ।

ਸਤਿਗੁਰਾਂ ਮੈਨੂੰ ਕਰੀਵਾਲੇ ਕਿਹਾ ਕਿ ਮੈਂ ਕਾਮਰੇਡ ਅਜੈ ਘੋਸ਼ ਦੇ ਗੁਜ਼ਰ ਜਾਣ ਤੇ ਅਫਸੋਸ ਦੀ ਤਾਰ ਕਮਿਊਨਿਸਟ ਪਾਰਟੀ ਦੇ ਦਫਤਰ ਨੂੰ ਉਹਨਾਂ ਵਲੋਂ ਦਿਆਂ।

## ੧੫ ਜਨਵਰੀ ੧੯੬੨

ਸਤਿਗੁਰੂ ਜੀ ਛੇਤੀ ਹੀ ਦਿੱਲੀ ਨੂੰ ਜਾ ਰਹੇ ਹਨ। ਉਹ ਗਿਆਰਾਂ ਵਜੇ ਨੂੰ ਦਿਲੀ ਲਈ ਟੁਰ ਹੀ ਪਏ।

## ੧੯ ਜਨਵਰੀ ੧੯੬੨

ਮਹਾਰਾਜ ਬੀਰ ਸਿੰਘ ਜੀ ਮੇਰੇ ਕੋਠੀ ਪਹੁੰਚਣ ਤੋਂ ਪਹਿਲੋਂ ਹੀ ਮਲੇਰ ਕੋਟਲੇ ਦੇ ਮੇਲੇ ਵਾਸਤੇ ਚਲੇ ਗਏ।

ਰਾਤ ਨੂੰ ਨਾਮਧਾਰੀ ਸਾਹਿਤ ਸਭਾ ਦੀ ਮੀਟਿੰਗ ਹੋਈ। ਬਹੁਤ ਸਾਰੀਆਂ ਵਿਚਾਰਾਂ ਉਪਰੰਤ ਹਰਭਜਨ ਸਿੰਘ ਪਰਵਾਨਾ ਦੇ ਘਰ ਲੜਕਾ ਹੋਣ ਦੀ ਖੁਸ਼ੀ ਵਿਚ ਬਰਫੀ ਅਤੇ ਲਡੂਆਂ ਨਾਲ ਮੈਂਬਰਾਂ ਨੂੰ ਰਜਾਇਆ ਗਿਆ।

ਲੇਖਕ

ਪ੍ਰੀਤਮ ਸਿੰਘ ਕਵੀ



## ੨੦ ਜਨਵਰੀ ੧੯੬੨, ਜੀਵਨ ਨਗਰ

ਅੱਜ ਸਵੇਰੇ ਤੋਂ ਪੁਰੇ ਦੀ ਵਾ ਚੱਲ ਪਈ। ਸਾਰਾ ਦਿਨ ਘੱਟਾ ਉਡਦਾ ਰਿਹਾ। ਸ਼ਾਮ ਤਕ ਮਾੜੀ ਮਾੜੀ ਬੱਦਲਵਾਈ ਵੀ ਹੋ ਗਈ।

ਰਾਤੀਂ ਕਵੀ ਦਰਬਾਰ ਹੋਣਾ ਸੀ। ਪਰ ਮੌਕੇ ਉਤੇ ਲਾਊਡ ਸਪੀਕਰ ਨਾ ਮਿਲਣ ਕਰਕੇ ਨਾਮਧਾਰੀ ਸਾਹਿਤ ਸਭਾ ਦੀ ਮੀਟਿੰਗ ਹੀ ਹੋਈ। ਸੰਤ ਤਰਨ ਸਿੰਘ ਵਹਿਮੀ, ਸਾਧੂ ਸਿੰਘ ਕਿਸਾਨ ਰਾਮਪੁਰੋਂ ਤੇ ਮਾਸਟਰ ਅਮਰੀਕ ਸਿੰਘ ਅਮਰਤਸਰ ਤੋਂ ਆਏ। ਮੀਟਿੰਗ ਵਿਚ ਕਾਮਰੇਡ ਅਜੈ ਕੁਮਾਰ ਘੋਸ਼ ਬਾਬਤ ਸ਼ੋਕ ਪ੍ਰਸਤਾਵ ਪਾਸ ਕਰਕੇ ਹੋਰ ਗੱਲਾਂ ਤੇ ਵਿਚਾਰਾਂ ਹੋਈਆਂ। ਸੰਤ ਤਰਨ ਸਿੰਘ ਅਤੇ ਮੈਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਉਤੇ ਜਾਣ ਵਾਸਤੇ ਸਭਾ ਨੇ ਚੋਣ ਦਿਤਾ। ਮਾ: ਅਮਰੀਕ ਸਿੰਘ ਦੇ ਬੁੱਧੀਮਾਨੀ ਚੋਂ ਪਾਸ ਹੋਣ ਦੀ ਖੁਸ਼ੀ ਵਿਚ ਮੌਕੇ ਉਤੇ ਸਤਾਰਾਂ ਮੈਂਬਰਾਂ ਵਿਚ ਲੱਡੂ-ਬਰਫੀ ਵੰਡੇ ਗਏ। ਮੀਟਿੰਗ ਰਾਤੀਂ ਪੌਣੇ ਬਾਰਾਂ ਵਜੇ ਖਤਮ ਹੋਈ।

## ੨੨ ਜਨਵਰੀ ੧੯੬੨, ਜੀਵਨ ਨਗਰ

ਮਾਸਟਰ ਨਿਹਾਲ ਸਿੰਘ ਜੀ ਨੇ ਦੱਸਿਆ ਕਿ ਨਾਮਧਾਰੀ ਦਰਬਾਰ ਵਲੋਂ (ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਸਵਰਗਵਾਸੀ ਸਕੱਤਰ) ਕਾਮਰੇਡ ਅਜੈ ਕੁਮਾਰ ਘੋਸ਼ ਬਾਰੇ ਸ਼ੋਕ ਦਾ ਮਤਾ ਪਾਸ ਕੀਤਾ ਗਿਆ। ਅਤੇ ਇਕ ਮਤੇ ਰਾਹੀਂ ਨਾਮਧਾਰੀ ਇਲੈਕਸ਼ਨ ਬੋਰਡ ਕਾਇਮ ਕੀਤਾ ਗਿਆ ਹੈ। ਮਾਸਟਰ ਜੀ ਨੇ ਦਸਿਆ ਕਿ ਇਲੈਕਸ਼ਨ


Sri Satguru Jagjit Singh Ji Elibrary NamdhariElibrary@gmail com

ਬੋਰਡ ਦੇ ਪ੍ਰਧਾਨ ਮਹਾਰਾਜ ਬੀਰ ਸਿੰਘ ਜੀ ਅਤੇ ਮੈਂਬਰ ਡਾ: ਧਿਆਨ ਸਿੰਘ ਸਕੱਤਰ ਨਾਮਧਾਰੀ ਦਰਬਾਰ ਤੇ ਸੂਬਾ ਗੁਰਬਖਸ਼ ਸਿੰਘ ਚੱਕ ਵਾਲਿਆਂ ਨੂੰ ਬਣਾਇਆ ਗਿਆ ਹੈ।

**੨੫ ਜਨਵਰੀ ੧੯੬੨**
**ਜੀਵਨ ਨਗਰ**

ਸਤਿਗੁਰੂ ਜਗਜੀਤ ਜੀ ਰਾਤੀਂ ਆ ਗਏ। ਸਵੇਰੇ ਕੋਠੀ ਜਾ ਕੇ ਚਰਨ ਬੰਦਨਾ ਕੀਤੀ। ਉਹਨਾਂ ਦੇ ਚਰਨ ਬਸਤਰਾਂ ਵਿਚ ਛਿਪੇ ਹੋਏ ਸਨ ਪਰ ਮੈਂ ਅੱਜ ਸਨੇਹ ਸਤਿਕਾਰ ਦੇ ਮੂਡ ਵਿਚ ਸਾਂ, ਕਪੜਿਆਂ ਵਿਚੋਂ ਲੁਕੇ ਚਰਨਾਂ ਨੂੰ ਛੂਹਣ ਲਈ ਜਤਨ ਕੀਤਾ, ਪਰ ਅਸਫਲਤਾ ਮੇਰੇ ਚਰਨ ਚੁੰਮਦੀ ਰਹੀ। ਤਦ ਸਤਿਗੁਰੂ ਜੀ ਨੇ ਮੁਸਕਾਂਦਿਆਂ ਕਪੜੇ ਲਾਂਭੇ ਕਰ ਕੋਮਲ ਚਰਨਾਂ ਨੂੰ ਛੂਹਣ ਦਾ ਅਵਸਰ ਦਿਤਾ। ਸੁਖ ਆਨੰਦ ਪੁੱਛਣ ਬਾਦ ਗੱਲ ਬਾਤ ਚੱਲੀ। ਉਹ ਆਗਤ ਭਾਗਤ ਵਾਲੀ ਕੋਠੜੀ ਅਤੇ ਭਾਈ ਫਕੀਰ ਸਿੰਘ ਵਾਲੇ ਛੱਪਰ ਦੇ ਦਰਮਿਆਨ ਗੈਰਜ ਬਨਵਾਣਾ ਆਰੰਭ ਕਰਵਾ ਰਹੇ ਸਨ।

ਮੈਂ ਅਰਜ ਕੀਤੀ : "ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ੫੦/- ਰੁਪਏ ਦੀ ਲੋੜ ਹੋਵੇ ਬਿਨਾ ਪੁਛਣੋਂ ਖਰਚ ਖਰਚ ਕਰਨ ਦੀ ਆਗਿਆ ਦਿਤੀ ਹੋਈ ਸੀ। ਇਸ ਅਧਿਕਾਰ ਦੀ ਵਰਤੋਂ ਦੀ ਮੈਨੂੰ ਲੋੜ ਹੀ ਨਹੀਂ ਪਈ। ਆਪ ਨੂੰ ਮਿਲ ਕੇ ਵੀ ਮੈਂ ਸਾਰੇ ਕੰਮ ਸਾਰ ਲੈਂਦਾ ਹਾਂ। ਪਰ ਕਦੇ ਕਦੇ ਇੰਜ ਵੀ ਲੋੜ ਪੈ ਸਕਦੀ ਹੈ ਕਿ ਆਪ ਤੋਂ ਬਿਨਾ ਕੰਮ ਕਰਨਾ ਪਏ। ਦੱਸੋ ਉਸ ਅਧਿਕਾਰ ਦੀ ਤਸਦੀਕ ਕਰਦੇ ਓ ਕਿ ਕੈਂਸਲ। ਉਹਨਾ ਕਿਹਾ : ਇਹ ਕਿਹੜੀ ਕਰਨ ਵਾਲੀ ਗੱਲ ਹੈ, ਤੁਹਾਡੇ ਅਧਿਕਾਰ ਇਸ ਤੋਂ ਬਹੁਤੇ ਹਨ।

ਮੇਰੀ ਇਕ ਦੂਜੀ ਗੱਲ ਦੇ ਉੱਤਰ ਵਿਚ ਹਜ਼ੂਰ ਨੇ ਕਿਹਾ : ਤੁਸੀਂ ਚਿੰਤਾ ਨ ਕਰਨਾ, ਮੈਂ ਤੁਹਾਨੂੰ ਕਿਸੇ ਤੋਂ ਵੀ ਘੱਟ ਨਹੀਂ ਜਾਣਦਾ।

ਤੇ ਫੇਰ ਸਤਿਗੁਰਾਂ ਨੇ ਕੁਝ ਚੋਣ-ਕਹਾਣੀਆਂ ਸੁਣਾਈਆਂ ਕਿਵੇਂ ਸ. ਪ੍ਰਤਾਪ ਸਿੰਘ ਕੈਰੋਂ ਨੇ ਸ. ਬਸੰਤ ਸਿੰਘ ਮੋਗਾ ਨੂੰ ਪੈਰੋਂ ਕਢਿਆ। ਸ. ਨਿਰੰਜਨ ਸਿੰਘ ਤਾਲਿਬ ਨੂੰ ਚੰਡੀਗੜ੍ਹ ਸੀਟ ਤੋਂ ਕਿਵੇਂ ਖਲ੍ਹਿਆਰਿਆ ਗਿਆ ਹੈ। ਸਤਿਗੁਰਾਂ ਦੱਸਿਆ ਕਿ ਸਰਦਾਰ ਕੈਰੋਂ ਨੇ ਜਿਨ੍ਹਾਂ ਦੀ ਮਦਦ ਨਹੀਂ ਕਰਨੀ ਉਨ੍ਹਾਂ ਦੇ ਰਾਹ ਆਪ ਹੀ ਭੀੜ ਦਿੰਦਾ ਹੈ।

ਸਤਿਗੁਰਾਂ ਇਹ ਵੀ ਕਿਹਾ ਕਿ ਡਾ: ਜਗਜੀਤ ਸਿੰਘ ਆਨੰਦ ਨੇ ਮਲੇਰ ਕੋਟਲੇ ਦੇ ਮੇਲੇ ਤੇ ਆਇਆਂ ਮੈਨੂੰ ਕਿਹਾ ਤੁਸਾਂ ਕੰਮ ਸੂਤਰ ਕਰ ਲਿਆ ਹੈ। ਇਹ ਨਹੀਂ ਪਤਾ ਲਗਾ ਕਿ ਉਸਨੇ ਇਹ ਗੱਲ ਕਿਉਂ ਕਹੀ।

**੨੬ ਜਨਵਰੀ ੧੯੬੨**
**ਜੀਵਨ ਨਗਰ**

ਸੇਠ ਗੁਰਬਖਸ਼ ਸਿੰਘ ਪ੍ਰੀਤਮ ਜੀ ਦੀ ਮੈਨੂੰ ਚਿਠੀ ਆਈ ਕਿ ਸਤਿਗੁਰਾਂ ਨੇ ਮੈਨੂੰ ਪਿਆਰ ਨਾਲ ਪ੍ਰੀਤਮ ਕਹਿਕੇ ਨਹੀਂ ਬੁਲਾਇਆ ਸਗੋਂ ਸੇਠ ਹੀ ਆਖਕੇ ਸਦਿਆ ਹੈ। ਪਤਾ ਨਹੀਂ ਕਿਉਂ ?

ਸੁਤੰਤਰਤਾ ਦਿਨ ਵਿਚ ਮੈਨੂੰ ਬੇਸੁਆਦੀ ਨਾਲ ਹੀ ਦੋ ਚਾਰ ਹੋਣਾ ਪਿਆ।

**੨੭ ਜਨਵਰੀ ੧੯੬੨**
**ਜੀਵਨ ਨਗਰ**

ਮੇਰੇ ਕੋਠੀ ਜਾਂਦਿਆਂ ਨੂੰ ਸਤਿਗੁਰੂ ਜੀ ਨਵੇਂ ਗੈਰਿਜ ਦੀ ਉਸਾਰੀ ਪਾਸ ਖਲੋਤੇ ਉਸਾਰੀ ਵੇਖ ਰਹੇ ਸਨ। ਫਿਰ ਚਲਦੇ ਫਿਰਦਿਆਂ ਦੂਜੀ ਵਾਰ ਮਿਲਣ ਤੇ ਬਹੁਤ ਸਾਰੀਆਂ ਗੱਲਾਂ ਹੋਰ ਦੱਸਕੇ ਆਖਿਆ : ਜੇ ਕੋਈ ਕਦੇ ਹੱਥ ਮਿਲਾਣ ਲਈ ਅਗੇ ਵਧਾਏ ਤਾਂ ਉਹਦੇ ਚਰਨੀਂ ਹੱਥ ਲਾ ਦੇਣਾ ਵੀ ਵਾਜਬ ਹੀ ਹੈ। ਇਸ ਹਾਰਦਿਕਤਾ ਨਾਲ ਦੂਜਾ ਪਾਸਾ ਜਿੱਤਿਆ ਜਾ ਸਕਦਾ ਹੈ।

੧੧ ਵਜੇ ਡਾਕਟਰ ਧਿਆਨ ਸਿੰਘ ਜਨਰਲ ਸਕੱਤਰ ਨਾਮਧਾਰੀ ਦਰਬਾਰ ਆਇਆ। ਮੈਂ ਸੁਆਗਤ ਸਤਿਕਾਰ ਕਰ ਆਪਣੇ ਕਮਰੇ ਵਿਚ ਲਿਆਂਦਾ। ਇਹ ਮਹਾਰਾਜ ਬੀਰ ਸਿੰਘ ਜੀ ਨਾਲ ਚੋਣਾਂ ਸੰਬੰਧੀ ਨਿਰਨਾ ਕਰਨ ਆਏ ਹਨ ਕਿ ਕਿਸ ਕਿਸ ਕੈਂਡੀਡੇਟ ਦੀ ਮਦਦ ਕਰਨੀ ਹੈ।

ਜਦੋਂ ਮੈਂ ਸਤਿਗੁਰੂ ਜੀ ਨਾਲ ਪਿੰਡੋਰੀ ਵਾਲੇ ਇਕ ਸੱਜਣ ਨਾਲ ਹੋਈ ਗੱਲ ਬਾਤ ਦਾ ਵੇਰਵਾ ਦਿਤਾ ਤਾਂ ਉਨ੍ਹਾਂ ਕਿਹਾ: ਤੂੰ ਕੇਵਲ ਛੇ ਮਹੀਨੇ ਵੇਖ, ਕਿੰਨਾ ਹੀ ਫਰਕ ਪੈ ਜਾਵੇਗਾ। ਸਭ ਕੁਝ ਠੀਕ ਹੋ ਜਾਵੇਗਾ। ਬਹੁਤ ਕੁਝ ਹੋਣ ਵਾਲਾ ਹੈ। ਇੰਜ ਲਗਦਾ ਸੀ ਜਿਵੇਂ ਉਹਨਾਂ ਇਸ ਇਲਾਕੇ



Sri Satguru Jagjit Singh Ji Elibrary NamdhariElibrary@gmail com

ਵਿਚ ਹਰ ਕੀਮਤ ਤੇ ਸ਼ਾਂਤ ਮਾਹੌਲ ਬਣਾ ਦੇਣ ਦਾ ਫੈਸਲਾ ਕਰ ਲਿਆ ਹੁੰਦਾ ਹੈ।

੨੮ ਜਨਵਰੀ ੧੯੬੨
ਜੀਵਨ ਨਗਰ

ਅੱਜ ਧੁੰਦ ਏਨੀ ਪਈ ਕਿ ਹੱਥ ਪਸਾਰਿਆ ਨਹੀਂ ਸੀ ਲਭਦਾ। ੧੦ ਵਜੇ ਮੈਂ ਕੋਠੀ ਗਿਆ। ਸਤਿਗੁਰੂ ਜੀ ੯ ਵਜੇ ਦੇ ਹੀ ਸਰਸੇ ਕਿਸੇ ਦੇ ਪਾਠ ਦੇ ਭੋਗ ਉਤੇ ਗਏ ਹੋਏ ਹਨ।

ਇਕ ਵਜੇ ਤਕ ਦੂਰ ਨੇੜੇ ਦੇ ਪਿੰਡਾਂ ਦੇ ਢਾਈ ਤਿਨ ਸੌ ਆਦਮੀ ਜੁੜ ਗਏ। ਕੇਰਵਾਲਾ ਹਰੀਜਨ ਕੈਂਡੀਡੇਟ ਸ੍ਰੀ ਕੇਸਰਾ ਰਾਮ ਵੀ ਆ ਗਿਆ। ਇਹ ਪੰਜਾਬ ਅਸੈਂਬਲੀ ਲਈ ਕਾਂਗਰਸ ਟਿਕਟ ਤੇ ਖੜ੍ਹੋਤਾ ਹੈ। ਚੌਧਰੀ ਸ਼ਿਵ ਕਰਨ ਵੀ ਉਸਦੇ ਨਾਲ ਆਇਆ। ਜੁੜੇ ਹੋਏ ਲੋਕਾਂ ਵਿਚ ਸ੍ਰ. ਅਵਤਾਰ ਸਿੰਘ ਦੇ ਕਹਿਣ ਤੇ ਸ੍ਰੀ ਕੇਸਰਾ ਰਾਮ ਨੇ ਸਾਰੇ ਹਾਜ਼ਰ ਲੋਕਾਂ ਤੋਂ ਖਿਮਾ ਮੰਗੀ ਤੇ ਆਪਣੇ ਲਈ ਵੋਟਾਂ ਦੀ ਅਪੀਲ ਕੀਤੀ।

ਕਰੀਵਾਲੇ ਦੇ ਕੁਝ ਸਰੀਰਾਂ ਵਿਚ ਤਕਰਾਰ ਸੀ। ਉਹ ਸਤਿਗੁਰੂ ਜੀ ਦੀ ਸੇਵਾ ਵਿਚ ਨਿਪਟਾਰੇ ਲਈ ਆਏ। ਇਹ ਪਤਾ ਨਹੀਂ ਕਿ ਸਤਿਗੁਰਾਂ ਕਿਵੇਂ ਗੱਲ ਮੁਕਾਈ।

ਮਹਾਰਾਜ ਬੀਰ ਸਿੰਘ ਜੀ ਕਈ ਦਿਨਾਂ ਪਿਛੋਂ ਅੱਜ ਹੀ ਸਤਿਗੁਰੂ ਜੀ ਨਾਲ ਆਏ ਸਨ।

ਧੁੰਧ ਕਿਤੇ ੧੨ ਵਜੇ ਤੋਂ ਪਿਛੋਂ ਹੀ ਜਾ ਖਤਮ ਹੋਈ।

੨੯ ਜਨਵਰੀ ੧੯੬੨
ਜੀਵਨ ਨਗਰ

ਸਤਿਗੁਰੂ ਜੀ ਤੇ ਮਹਾਰਾਜ ਜੀ ਪਰਵਾਰਾਂ ਸਮੇਤ ਦਮਦਮੇ ਗਏ ਰਹੇ। ਦੋ ਵਜੇ ਤੋਂ ਬਾਅਦ ਹੀ ਕਿਤੇ ਵਾਪਸ ਮੁੜੇ। ਬੜੀ ਉਡੀਕ ਪਿਛੋਂ ਦਰਸ਼ਨਾਂ ਦਾ ਮੌਕਾ ਮਿਲਿਆ। ਉਹ ਪਸ਼ੂ ਵਾੜੇ ਵਲ ਜਾਂਦਿਆਂ ਸ੍ਰ. ਰਘਬੀਰ ਸਿੰਘ ਪੰਜ ਹਥਾਈਏ ਤੋਂ ਗਿਆਨੀ ਕਰਤਾਰ ਸਿੰਘ ਵਜ਼ੀਰ ਦੀ ਮਾਨਸਿਕ ਦਸ਼ਾ ਦਾ ਜ਼ਿਕਰ ਸੁਣ ਰਹੇ ਸਨ ਕਿ ਜਦੋਂ ਕੋਈ ਐਮ. ਐਲ. ਏ. ਉਹਨਾਂ ਤੋਂ ਕੰਮ ਕਰਵਾਣ ਜਾਂਦਾ ਹੈ ਤਾਂ ਉਹ ਆਪਣੇ ਵਿਰੋਧੀਆਂ ਦੇ ਕਾਗਜ਼ਾਂ ਤੇ ਦਸਤਖਤ ਕਰਨੋਂ ਕਿਵੇਂ ਸੰਕੋਚ ਕਰਦੇ ਹਨ।

੩੦ ਜਨਵਰੀ ੧੯੬੨
ਜੀਵਨ ਨਗਰ

ਅੱਜ ਆਸਾ ਦੀ ਵਾਰ ਦਾ ਕੀਰਤਨ ਸੰਤ ਨਗਰ ਵਿਚ ਸੰਤ ਬਖਸ਼ੀਸ਼ ਸਿੰਘ ਦੇ ਘਰ ਹੋਇਆ। ਏਥੇ ਇਕ ਅਖੰਡ ਪਾਠ ਦਾ ਭੋਗ ਵੀ ਪਿਆ। ਅਰਦਾਸ ਉਪਰੰਤ ਸਤਿਗੁਰੂ ਜੀ ਨੇ ਦੀਵਾਨ ਵਿਚ ਹਾਜ਼ਰ ਸਜਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਪਣੇ ਵਿਚ ਘੁਸ ਆਏ ਸੱਪਾਂ ਤੋਂ ਬਚਣ। ਉਹ ਬਹੁਤ ਮੇਮੋ ਠਗਣੇ ਬਣਕੇ ਏਕਤਾ ਖੰਡਤ ਕਰਨ ਦੀ ਕੋਸ਼ਸ਼ ਕਰ ਰਹੇ ਹਨ।

ਕੋਠੀ ਜੀਵਨ ਨਗਰ ਵਿਚ ਅੱਜ ਕਲ੍ਹ ਅਖੰਡ ਪਾਠਾਂ ਦੀ ਇਕ ਲੜੀ ਜਾਰੀ ਹੈ। ਬਾਹਰੋਂ ਆਏ ਹੋਏ ੪੦ ਦੇ ਕਰੀਬ ਅਖੰਡ ਪਾਠ ਕਰਨੇ ਹਨ।

ਜਦ ਮੈਂ ਕੋਠੀ ਗਿਆ ਤਾਂ ਸਤਿਗੁਰੂ ਜੀ ਦੀ ਪਹਿਨੀ ਇਕ ਨਵੀਂ ਤੇ ਉਭਰੇ ਹੋਏ ਲੂਆਂ ਵਾਲੀ ਸਵੈਟਰ ਦੀ ਸ਼ਲਾਘਾ ਕੀਤੀ। ਸਤਿਗੁਰੂ ਮੁਸਕਰਾਏ: ਪ੍ਰਸੰਸਾ ਕਰਨਾ ਤਾਂ ਤੁਹਾਡਾ ਗੁਣ ਹੈ। ਉਹਨਾਂ ਹੋਰ ਬਚਨ ਕਰਦਿਆਂ ਮੈਨੂੰ ਦਸਿਆ: ਇਸ ਵਾਰ ਦਮਦਮੇ ਇਕ ਸਰੀਰ ਨੂੰ ਸਭ ਤੋਂ ਵੱਡਾ ਜੁਰਮਾਨਾ ਕੀਤਾ ਹੈ, ਘਰ ਵਿਆਹ ਕਰਨ ਦਾ ੧੦੦੦ ਰੁਪੈ ਇਕ ਹੋਰ ਜਣਾ ਜੁ ਜ਼ਿਆਦਾ ਮੇਰੇ ਨੇੜੇ ਹੋਣ ਦਾ ਦਮ ਭਰਦਾ ਸੀ ਉਸਨੂੰ ੧੫੦੦ ਰੁਪਏ ਡੰਨ ਲਗਾ। ਸਤਿਗੁਰਾਂ ਕਿਹਾ: ਇਹ ਭਾਰ ਨੇੜਤਾ ਦਾ ਹੈ। ਜਿੰਨਾਂ ਨੂੰ ਅਸੀਂ ਆਪਣਾ ਕਹਿੰਦੇ ਹਾਂ ਜੇ ਉਹ ਹੀ ਬੇ ਪਰਵਾਹੀਆਂ ਕਰਨ ਤਾਂ ਦੁਜਿਆਂ ਨੂੰ ਅਸਾਂ ਕੀ ਕਹਿਣਾ ਹੈ। ਸੰਤ ਨਗਰ ਦੇ ਦੋ ਭਰਾਵਾਂ ਨੂੰ ਵੀ ਅੱਜ ਡੰਨਿਆ ਗਿਆ ਕਿਉਂਕਿ ਉਹਨਾਂ ਮੁਕਲਾਵੇ ਦੇ ਸੰਬੰਧ ਵਿਚ ਇਕਠ ਸਦਕੇ, ਥੇ-ਪਤੇ ਵਿਚ ਸਤਿਗੁਰਾਂ ਦਾ ਲੰਗਰ ਵੀ ਕਰਵਾ ਦਿਤਾ ਸੀ।

ਸਤਿਗੁਰੂ ਜੀ ੩ ਵਜੇ ਦੇ ਸਰਸੇ ਗਏ ਹੋਏ ਮਹਾਰਾਜ ਜੀ ਨਾਲ ਰਾਤੀਂ ਕਾਫੀ ਕਵੇਲੇ ਆਏ।

੩੧ ਜਨਵਰੀ ੧੯੬੨
ਜੀਵਨ ਨਗਰ

ਆਸਾ ਦੀ ਵਾਰ ਦਾ ਕੀਰਤਨ ਅਤੇ ਅਖੰਡ ਪਾਠ ਦਾ ਭੋਗ ਅੱਜ ਸੰਤ ਨਗਰ ਦੇ ਸ੍ਰੀ ਮੋਹਰ ਸਿੰਘ ਵੱਲੋਂ ਸੀ। ਸਤਿ-


Sri Satguru Jagjit Singh Ji Elibrary NamdhariElibrary@gmail com

ਗੁਰੂ ਜੀ ਨੇ ਵਾਰ ਅਤੇ ਭੋਗ ਸਮੇ ਦਰਸ਼ਨ ਦਿਤੇ। ਪਾਠੀਆਂ ਅਤੇ ਲਾਂਗਰੀਆਂ ਦਾ ਇਕਠ ਕੀਤਾ ਗਿਆ ਤੇ ਉਹਨਾਂ ਚੋਂ ਬਹੁਤਿਆਂ ਨੂੰ ਜੀਵਨ ਨਗਰ ਵਲ ਤੋਰਿਆ ਗਿਆ ਉਥੇ ਹੁੰਦੇ ਪਾਠਾਂ ਵਿਚ ਸ਼ਾਮਲ ਹੋਣ ਲਈ।

ਅੱਜ ਗੈਰਿਜ ਬਣ ਕੇ ਤਿਆਰ ਹੋ ਗਏ ਹਨ ਤੇ ਨਾਲ ਹੀ ਸਤਿਗੁਰੂ ਜੀ ਦੇ ਸਕੱਤਰ ਤੇ ਡਰਾਈਵਰ ਸੰਤ ਗੁਰਦੇਵ ਸਿੰਘ ਲਈ ਇਕ ਦਫਤਰ ਕਮਰਾ।

ਸ੍ਰੀ ਕੁੰਦਨ ਸਿੰਘ ਨਰਵੀ ਨੇ ਮੈਨੂੰ ਦਸਿਆ ਕਿ ਅੱਜ ਤੋਂ ਸਤਿਗੁਰੂ ਜੀ ਦੀ ਕਾਰ ਉਹ ਡਰਾਈਵ ਕਰਿਆ ਕਰੇਗਾ। ਮਹਾਰਾਜ ਜੀ ਤਾਂ ਬੰਬਈ ਘੋੜੇ ਵੇਖਣ ਚਲੇ ਗਏ ਹਨ।

ਸਰਪੰਚ ਅਮਰ ਸਿੰਘ ਜੀਵਨ ਨਗਰ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਜ਼ਿਕਰ ਕਰਦਿਆਂ ਦਸਿਆ ਕਿ ਉਹ ਜੇ ਕਿਸੇ ਨਾਲ ਮੰਨਦੇ ਜਾਂ ਕਿਸੇ ਨੂੰ ਬਖਸ਼ਦੇ ਸਨ ਤਾਂ ਉਸ ਲਈ ਫਿਰ ਅੰਦਰ ਕੁਝ ਨਹੀਂ ਸਨ ਰਖਦੇ। ਤਨੋਂ ਮਨੋਂ ਉਸ ਨਾਲ ਠੀਕ ਹੋ ਜਾਂਦੇ ਸਨ।

੧੨ ਵਜੇ ਦੇ ਕਰੀਬ ਸਤਿਗੁਰੂ ਜੀ ਭੈਣੀ ਸਾਹਿਬ ਨੂੰ ਜਾਂਦੇ ਜਾਂਦੇ ਰਾਹ ਚੋਂ ਪਰਤ ਆਏ। ਪਰ ਤਕਾਲੀਂ ਪਈਂ ਫੇਰ ਚਲੇ ਗਏ। ਮਹਾਰਾਜ ਅੰਮ੍ਰਿਤ ਵੇਲੇ ਦੇ ਹੀ ਸਰਸੇ ਗਏ ਹੋਏ ਹਨ। ਰਾਤੀਂ ਕਿਸੇ ਵੇਲੇ ਆਉਣਗੇ।

ਰਾਤੀਂ ਗਿਆਰਾਂ ਵਜੇ ਦੇ ਕਰੀਬ ਗੜਿਆਂ ਨਾਲ ਜ਼ਬਰਦਸਤ ਬਾਰਸ਼ ਹੋਈ। ਹਨੇਰੀ ਤੇ ਤੂਫ਼ਾਨ ਵੀ ਡਾਢਾ ਆਇਆ।

ਨਾਮਧਾਰੀ ਸਾਹਿਤ ਸਭਾ ਦੀ ਮੀਟਿੰਗ ੮ ਵਜੇ ਰਾਤ ਤੋਂ ਸਾਢੇ ਦਸ ਵਜੇ ਤਕ ਹੋਈ ਜਿਸ ਵਿਚ ਵਿਚਾਰ ਵਟਾਂਦਰਿਆਂ ਉਪਰੰਤ ਸ੍ਰੀ ਕੇਹਰ ਸਿੰਘ ਸੰਤ ਨਗਰ ਦੀ ਬੁਧੀ ਮਾਨੀ ਵਿਚੋਂ ਪਾਸ ਹੋਣ ਦੀ ਖੁਸ਼ੀ ਵਿਚ ਲੱਡੂ ਤੇ ਬਰਫੀ ਵੰਡੇ ਗਏ।

**੧ ਫਰਵਰੀ ੧੯੬੨**

**ਜੀਵਨ ਨਗਰ**

ਰਾਤ ਦੀ ਬਾਰਸ਼ ਨਾਲ ਫਸਲਾਂ ਨੂੰ ਸੁਰਤ ਆ ਗਈ ਹੈ। ਗੜਿਆਂ ਨੇ ਖ਼ਾਸ ਨੁਕਸਾਨ ਨਹੀਂ ਕੀਤਾ।

ਸੰਤ ਨਗਰ ਵਿਚ ਇਕ ਬਹੁਤ ਵਡਾ ਯੱਗ ਕੀਤਾ ਗਿਆ। ਚਾਰ ਫਰਵਰੀ ਨੂੰ ਪੈਣ ਵਾਲੇ ਅਸ਼ਟਗ੍ਰਹੀ ਯੋਗ ਦੇ ਸੰਬੰਧ ਵਿਚ। ਸਾਰਾ ਦਿਨ ਚੌਲਾਂ ਆਦਿ ਦਾ ਲੰਗਰ ਚਲਦਾ ਰਿਹਾ। ਦੀਵਾਨ ਲਗੇ। ਕੌਡੀ ਤੇ ਰਸਾ ਕਸ਼ੀ ਵਰਗੀਆਂ ਖੇਡਾਂ ਹੁੰਦੀਆਂ ਰਹੀਆਂ।

**੩ ਫਰਵਰੀ ੧੯੬੨**

**ਜੀਵਨ ਨਗਰ**

ਪਿਛਲੇ ਕਈ ਮਹੀਨਿਆਂ ਤੋਂ ਤੇਲ ਮੱਲ ਕੇ ੧੦੦ ਬੈਠਕ ਅਤੇ ੫੦ ਡੰਡ ਕਢਦਾ ਆ ਰਿਹਾ ਹਾਂ। ਮਾਲਿਸ਼ ਕਰ ਕੇ ਇਸ਼ਨਾਨ ਕਰਨ ਨਾਲ ਤਨ ਮਨ ਖੇੜੇ ਵਿਚ ਆਇਆ ਰਹਿੰਦਾ ਹੈ। ਸਰੀਰ ਦੀ ਨਿਰੰਤਰ ਅਰੋਗਤਾ ਇਕ ਨਸ਼ਾ ਦਿੰਦੀ ਹੈ। ਸਮਝ ਇਹ ਆਈ ਹੈ ਕਿ ਜੇ ਮਨੁਖ ਇਕ ਨਿਸਚਿਤ ਪ੍ਰੋਗਰਾਮ ਅਨੁਸਾਰ ਆਪਣੀ ਦਿਨਚਰਯਾ ਚਲਾਏ ਤਾਂ ਸਰੀਰ ਵੀ ਸੰਤੁਸ਼ਟ ਰਹਿੰਦਾ ਹੈ ਅਤੇ ਕੰਮ ਵੀ ਤੇਜ਼ੀ ਨਾਲ ਨਿਬੜਦੇ ਹਨ। ਸਿਰ ਪੀੜ, ਪੇਟ ਦੀ ਕੋਈ ਤਕਲੀਫ ਜਾਂ ਸਰੀਰ ਨੂੰ ਹੋਰ ਕੋਈ ਰੋਗ ਨਹੀਂ ਵਿਆਪਿਆ ਸਰਦੀ ਦਾ ਹਮਲਾ ਵੀ ਨਹੀਂ ਹੋਇਆ ਹਾਲਾਂ ਕਿ ਸਰਦੀ 'ਤੋਂ ਐਤਕਾਂ ਦੇਸ਼ ਭਰ ਵਿਚ ਤੋਬਾ ਤੋਬਾ ਮਚੀ ਰਹੀ ਹੈ ਕਿਉਂਕਿ ਸਮੁਚੇ ਸੰਸਾਰ ਵਿਚ ਹੀ ਸੀਤ ਲਹਿਰ ਨੇ ਆਪਣਾ ਕਾਫੀ ਪ੍ਰਭਾਵ ਰਖਿਆ ਹੈ।

**੬ ਫਰਵਰੀ ੧੯੬੨**

**ਜੀਵਨ ਨਗਰ**

ਸਤਿਗੁਰੂ ਜੀ ਦਿੱਲੀਓਂ ਹੁੰਦੇ ਹੋਏ, ਰਾਤ ਕੰਡਪੁਰ ਕੱਟ, ਆਸਾ ਦੀ ਵਾਰ ਸਰਸੇ ਸੁਣ ੧੦-੩੦ ਵਜੇ ਦਿਨੇ ਜੀਵਨ ਨਗਰ ਪਹੁੰਚੇ ਜਦੋਂ ਮੈਂ ਦਰਸ਼ਨ ਕੀਤੇ ਆਪ ਅਵਤਾਰ ਸਿੰਘ ਬਬਰ, ਬਾਵਾ ਨਿਰੰਜਨ ਸਿੰਘ ਅਤੇ ਪੰਡਤ ਗੋਪਾਲ ਸਿੰਘ ਆਦਿ ਹੋਰ ਕਈ ਸਜਨ ਨਾਲ ਆ ਰਹੇ ਸਨ। ਜੀਵਨ ਨਗਰ ਦੇ ਕੋਲੋਂ ਗੁਜ਼ਰਦੀ ਨਹਿਰ ਦਾ ਪੁਲ ੪-੫ ਦਿਨਾਂ ਤੋਂ ਅਸਲੋਂ ਬੈਠ ਗਿਆ, ਸੋ ਕਾਰ ਤਾਂ ਹਜ਼ੂਰ ਦੀ ਸੰਤ ਨਗਰ ਦੇ ਪੁਲ ਉਤੋਂ ਪਾਰ ਹੋਈ ਤੇ ਆਪ ਪੈਦਲ ਹੀ ਨਹਿਰ ਦੇ ਲਾਂਘੇ ਉਤਰਦੇ ਆਏ।

ਕੋਠੀ ਦੇ ਨਜ਼ਦੀਕ ਆਏ, ਤਾਂ ਜਿਵੇਂ ਮੈਨੂੰ ਸੁਣਾਦਾ



Sri Satguru Jagjit Singh Ji Elibrary NamdhariElibrary@gmail.com

ਹੁੰਦਾ ਹੈ ਹਸਦਿਆਂ ਹਸਦਿਆਂ ਸ੍ਰ. ਚੰਨਣ ਸਿੰਘ ਬਰਾੜੀਏ (ਮਾਤਾ ਜੀਉਣ ਕੌਰ ਜੀ ਦੇ ਭਤੀਜੇ) ਨੂੰ ਕਿਹਾ : ਇਕ ਸਜਣ ਆਂਹਦੇ ਸਨ ਇਹਨਾਂ (ਅਰਥਾਤ ਸਤਿਗੁਰਾਂ) ਦੀ ਕਾਂਗਰਸ ਤੇ ਕੈਰੋਂ ਨਾਲ ਬੜੀ ਵਿਰੋਧਤਾ ਸੀ ਹੁਣ ਇਹਨਾਂ ਕੈਰੋਂ ਤੇ ਕਾਂਗਰਸ ਦੇ ਹਕ ਵਿਚ ਕਿਉਂ ਐਲਾਨ ਕੀਤਾ ? ਜੇ ਮੈਨੂੰ ਉਸ ਆਦਮੀ ਦਾ ਪਤਾ ਹੁੰਦਾ ਤਾਂ ਮੈਂ ਉਸੇ ਦੀ ਜ਼ਿੰਦਗੀ ਵਿਚੋਂ ਮਿਸਾਲਾਂ ਦੇ ਕੇ ਸਪਸ਼ਟ ਕਰਦਾ ਕਿ ਉਹ ਕਿਵੇਂ ਜਿਸ ਗੱਲ ਦਾ ਕੱਲ ਵਿਰੋਧੀ ਸੀ ਅੱਜ ਉਸਦੇ ਹੱਕ ਵਿਚ ਹੋ ਗਿਆ ਹੈ।

ਅੱਜ ਹੀ ੧ ਵਜੇ ਦੁਪਹਿਰੇ ਸਤਿਗੁਰੂ ਭੈਣੀ ਸਾਹਿਬ ਨੂੰ ਚਲੇ ਵੀ ਗਏ।

**੭ ਫਰਵਰੀ ੧੯੬੨**

**ਸਰਸਾ**

ਅਸਮਾਨ ਅਣ ਬਦਲਾ ਅਰਥਾਤ ਪੂਰੀ ਤਰ੍ਹਾਂ ਨਿੱਤਰ ਗਿਆ। ਮੈਂ ਜੀਵਨ ਨਗਰੋਂ ਪਿੰਡ ਪੰਜਾਵੇ ਲਈ ੮ ਵਜੇ ਦੀ ਬਸ ਫੜ ਲਈ। ੧੦ ਵਜੇ ਸਰਸੇ ਪੁਜਾ ਤਾਂ ਕਾ. ਅਮਰੀਕ ਸਿੰਘ ਤੇ ਬਖਸ਼ੀ ਹੁਰੀਂ ਮਿਲੇ। ਪ੍ਰੇਮ ਨਾਥ ਵਕੀਲ (ਹਰੀਜਨ) ਦੇ ਹਕ ਵਿਚ ਉਹ ਚੋਣ ਜਲਸੇ ਕਰਨਾ ਚਾਹੁੰਦੇ ਸਨ। ਬਖਸ਼ੀ ਨੇ ਦਸਿਆ ਕਿ ਉਹ ਸਤਿਗੁਰਾਂ ਦੇ ਇਲਾਕੇ ਵਿਚ ਜਾ ਕੇ ਜਲਸੇ ਤੇ ਤਕਰੀਰਾਂ ਕਰਨਗੇ ਪਰ ਬਾਅਦਬ ਬੋਲਣਗੇ। ਨਾਲ ਹੀ ਉਸ ਕਿਹਾ ਕਿ ਕਾਮਰੇਡ ਸੁਰਜੀਤ (ਹਰਕ੍ਰਿਸ਼ਨ ਸਿੰਘ) ਆਕੇ ਦੱਸ ਗਿਆ ਹੈ ਸਤਿਗੁਰੂ ਜੀ ੬ ਸੀਟਾਂ ਤੇ ਕਾਮਰੇਡਾਂ ਦੀ ਮਦਦ ਕਰਨ ਗੇ।

**੯ ਫਰਵਰੀ ੧੯੬੨**

**ਪੰਜਾਵਾ**

ਚੋਣਾਂ ਦੇ ਦਿਨ ਹਨ। ੨੪ ਫਰਵਰੀ ਨੂੰ ਪੋਲਿੰਗ ਹੋਵੇਗਾ। ਪਰ ਲੰਮੀ ਇਲਾਕੇ ਦੀ ਸੀਟ ਰੀਜ਼ਰਵ ਹੋਣ ਕਰਕੇ ਬਹੁਤੀ ਸਰਗਰਮੀ ਨਹੀਂ। ਹਰੀਜਨ ਖਰਚ ਨਹੀਂ ਕਰ ਸਕਦੇ। ਕਾਂਗਰਸੀ ਇਕਬਾਲ ਸਿੰਘ ਕਿਲਿਆਂ ਵਾਲੀ ਵਾਲਾ, ਸ੍ਰ. ਭਗਤ ਸਿੰਘ ਦਾ ਭਾਈ ਕੁਲਬੀਰ ਸਿੰਘ (ਜਨ ਸੰਘੀ ਉਮੀਦਵਾਰ) ਤੇ ਕਾ. ਤੇਜਾ ਸਿੰਘ (ਕਮਿਊਨਿਸਟ) ਦੇ ਪੱਖੀ ਇਸ਼ਤਹਾਰਾਂ ਅਤੇ ਜਲਸਿਆਂ ਰਾਹੀਂ ਪਾਰਲੀਮੈਂਟ ਵਿਚ ਜਾਣ ਲਈ ਜ਼ੋਰ ਲਗਾ ਰਹੇ ਹਨ।

ਸ਼ਾਮੀ ਠੰਡੀ ਹਵਾ ਚਲਦੀ ਰਹੀ ਅਤੇ ਬਦਲ ਵਾਈ ਵੀ ਹੋ ਗਈ।

**੧੨ ਫਰਵਰੀ ੧੯੬੨**

**ਸੰਤ ਨਗਰ**

ਮੈਂ ਅੱਜ ਸ਼ਾਮ ਦੀ ਮੋਟਰੇ ਸੰਤ ਨਗਰ ਪਹੁੰਚਾ। ਏਥੇ ਨਾਮਧਾਰੀ ਸਾਹਿਤ ਸਭਾ ਵਾਲੇ ਕਵੀ ਦਰਬਾਰ ਸ਼ੁਰੂ ਕੀਤੀ ਬੈਠੇ ਸਨ। ਸੰਤ ਨਗਰ ਵਾਲਿਆਂ ਅੱਜ ਬਸੰਤ ਦਾ ਪੁਰਬ ਮਨਾਇਆ ਹੈ। ਇਕ ਤਕਰੀਰ ਕਰਨ ਤੇ ਕਵਿਤਾ ਪੜ੍ਹਨ ਦਾ ਮੈਨੂੰ ਵੀ ਮੌਕਾ ਮਿਲਿਆ।

**੧੩ ਫਰਵਰੀ ੧੯੬੨**

**ਜੀਵਨ ਨਗਰ**

ਸਤਿਗੁਰੂ ਜਗਜੀਤ ਸਿੰਘ ਜੀ ਵਾਸਤੇ ਅਫਰੀਕਾ ਦੀ ਸੰਗਤ ਨੇ ਇਕ ਨਵੀਂ ਕਾਰ ੩੦,੦੦੦ ਸ਼ਲਿੰਗ ਦੀ ਲੈ ਕੇ ਭੇਟ ਸਰੂਪ ਭਾਰਤ ਭੇਜੀ ਹੈ। ਉਸ ਦੇ ਬਿਲ, ਜਹਾਜ਼ ਤੇ ਆਉਣ ਦੀ ਬਿਲਟੀ ਤੇ ਹੋਰ ਸੰਬਧਤ ਕਾਗਜ਼ਾਤ ਸ੍ਰ. ਭਗਤ ਸਿੰਘ ਪਨੇਸਰ ਨੇ ਨੈਰੋਬੀਓਂ ਮੈਨੂੰ ਭੇਜੇ ਹਨ। ਬੇਬੇ ਦਲੀਪ ਕੌਰ ਜੀ ਨਾਲ ਸਲਾਹ ਕਰਕੇ ਸੰਤ ਰਣਜੀਤ ਸਿੰਘ ਬਾਜਵਾ ਹਥੀਂ ਰਵਾਨੀ ਜਹਾਜ਼ ਦੁਆਰਾ ਬੰਬਈ ਲਈ ਘੱਲ ਦਿਤੇ ਹਨ। ਕਿਉਂਕਿ ਪਤਾ ਲਗਾ ਹੈ ਕਿ ਸਤਿਗੁਰੂ ਜੀ ਅਤੇ ਮਹਾਰਾਜ ਜੀ ਵੀ ਚਾਰ ਦਿਨਾਂ ਲਈ ਬੰਬਈ ਹੀ ਹਨ।

**੧੪ ਫਰਵਰੀ ੧੯੬੨**

**ਜੀਵਨ ਨਗਰ**

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ (ਪੰਜਾਬ ਦੀ ਕਮਿਊਨਿਸਟ ਪਾਰਟੀ ਦੇ ਸਕਤਰ) ਦਾ ਖਤ ਪ੍ਰਾਪਤ ਹੋਇਆ ਕਿ ਮੈਂ ਸਤਿਗੁਰੂ ਜੀ ਦਾ ਆਗਾਮੀ ਪ੍ਰੋਗਰਾਮ ਲਿਖ ਭੇਜਾਂ। ਮੈਨੂੰ ਨੂਰਮੌਲ ਦਾ ਪਤਾ ਘੱਲਿਆ ਗਿਆ।

**੧੫ ਤੋਂ ੧੯ ਫਰਵਰੀ ੧੯੬੨**

ਮੈਂ ਦਿੱਲੀ ਰਿਹਾ। ਸਤਿਗੁਰਾਂ ਦੇ ਅੰਕ ਦੀ ਤਿਆਰੀ ਬਾਬਤ ਏਥੇ ਆਉਣਾ ਜ਼ਰੂਰੀ ਸੀ। ੧੮-੨ ਨੂੰ ਮਹਾਰਾਜ



Sri Satguru Jagjit Singh Ji Elibrary NamdhariElibrary@gmail com

ਬੀਰ ਸਿੰਘ ਜੀ ਵੀ ਹਵਾਈ ਜਹਾਜ਼ ਦੁਆਰਾ ਏਥੇ ਪਹੁੰਚ ਗਏ। ਇਹ ਤਿੰਨ ਘੋੜੇ ਦੋ ਸਾਲਾ ਉਮਰ ਦੇ ਵੇਚ ਕੇ ਆਏ ਸਨ। ਵੱਟੇ ਕੁੱਲ ੫੩੦੦੦/-

੨੦ ਫਰਵਰੀ ੧੯੬੨

ਜੀਵਨ ਨਗਰ

੯ ਵਜੇ ਓਧਰ ਮੈਂ ਸਰਸੇ ਪੁੱਜਾ ਏਧਰ ਮਹਾਰਾਜ ਬੀਰ ਸਿੰਘ ਜੀ ਵੀ ਚੰਡੀਗੜ ਤੇ ਭੈਣੀ ਸਾਹਿਬ ਹੁੰਦੇ ਹੋਏ ਆ ਪਹੁੰਚੇ। ਮੈਂ ਉਹਨਾ ਦੀ ਕਾਰ ਤੇ ਹੀ ਜੀਵਣ ਨਗਰ ਪਹੁੰਚਾ। ਮਹਾਰਾਜ ਜੀ ਤੋਂ ਪਤਾ ਲਗਾ ਕਿ ਸਤਿਗੁਰੂ ਜੀ ਬੰਬਈ ਤੋਂ ਅਮਰੀਕਾ ਦੀ ਸੰਗਤ ਵਲੋਂ ਭੇਜੀ ਗਈ ਕਾਰ ਲੈ ਕੇ ਆ ਰਹੇ ਹਨ।

੨੩ ਫਰਵਰੀ ੧੯੬੨

ਜੀਵਨ ਨਗਰ

ਮਹਾਰਾਜ ਬੀਰ ਸਿੰਘ ਜੀ ਅੱਜ ਨਹੀਂ ਮਿਲੇ। ਉਹ ਕਰੀਵਾਲੇ ਅਮਰਤਸਰ ਛੋਟਾ ਵਡਾ ਤੇ ਨਕੌੜੇ ਆਦਿ ਪਿੰਡਾਂ ਵਿਚ ਘੁੰਮਦੇ ਸੀ ਕੇਸਰਾ ਰਾਮ ਦੇ ਹਕ ਵਿਚ ਖਬਲਿਕ ਰਾਇ ਤਿਆਰ ਕਰ ਰਹੇ ਤੇ ਨਾਮਧਾਰੀਆਂ ਨੂੰ ਪਰੇਰ ਰਹੇ ਹਨ। ਕੱਲ ਨੂੰ ਵੋਟਾਂ ਪੈਣੀਆਂ ਹਨ। ਉਸ ਲਈ ਭੱਜ ਨੱਸ ਜਾਰੀ ਹੈ।

੨੪ ਫਰਵਰੀ ੧੯੬੨

ਜੀਵਨ ਨਗਰ

ਅੱਜ ਭਾਰਤ ਵਿਚ ਚੋਣਾਂ ਦਾ ਅਠਵਾਂ ਦਿਨ ਹੈ। ਅੱਜ ਪੰਜਾਬ ਭਰ ਵਿਚ ਵੋਟਾਂ ਪੈਣੀਆਂ ਹਨ। ਸੰਤ ਨਗਰ ਦੇ ਨਹਿਰੀ ਬੰਗਲੇ ਵਿਚ ਪਰਚੀਆਂ ਪਾਉਣ ਦਾ ਪ੍ਰਬੰਧ ਹੈ।

ਪਿਛਲੀਆਂ ਚੋਣਾਂ ਵਾਂਗ ਕੋਈ ਸਰਗਰਮੀ ਨਜ਼ਰ ਨਹੀਂ ਪਈ। ਲੋਕ ਸਹਿਜ ਭਾਅ ਹੀ ਜਾਂ ਕਮਿਊਨਿਸਟਾਂ ਦੇ ਪਰੇਰੇ ਵੋਟ ਪਾਣ ਜਾ ਰਹੇ ਹਨ। ਕਿਸੇ ਪਰਕਾਰ ਦੀ ਤਲਖੀ ਨਹੀਂ।

ਮੇਰੇ ਲੇਖ "ਨਾਮਧਾਰੀਆਂ ਦੇ ਲੇਖਕ ਕੌਣ ਬਣੇ ?" ਦੇ ਉਤਰ ਵਿਚ ਮੇਰੇ ਮਿਤਰ ਅਮਰ ਭਾਰਤੀ ਦਾ ਦਿੱਲੀਓਂ ਲੇਖ ਆਇਆ, ਭਾਵ ਪੂਰਤ, ਵਿਚਾਰ ਭਰਿਆ।

੨੬ ਫਰਵਰੀ ੧੯੬੨

ਜੀਵਨ ਨਗਰ

ਅੱਜ ਚੋਣ ਨਤੀਜਿਆਂ ਦਾ ਦਿਨ ਹੈ। ਸਿਆਸਤ ਨਾਲ ਦਿਲਚਸਪੀ ਰਖਦੇ ਲੋਕ ਰੇਡੀਓ ਸੈੱਟਾਂ ਦੁਆਲੀ ਝੁਰਮਟ ਪਈ ਕੰਨ ਚਿਤੰਨ ਕਰਕੇ ਘੜੀ ਘੜੀ ਖਬਰਾਂ ਸੁਣ ਰਹੇ ਹਨ। ਸ਼ਾਮ ਤਕ ੯ ਕਮਿਊਨਿਸਟਾਂ ਦੀ ਜਿੱਤ ਸੁਣੀ। ਅਗੇ ਨਾਲੋਂ ਪੱਖ ਮਜ਼ਬੂਤ ਹੋ ਗਿਆ ਪਰ ਕਾਮਰੇਡ ਸੁਰਜੀਤ ਦੀ ਹਾਰ ਨੇ ਬੜਾ ਬੇ ਸੁਆਦ ਕੀਤਾ। ਕਾਮਰੇਡ ਜੋਸ਼ ਦੀ ਬੜ੍ਹਾਈ ਪਹਿਲਾਂ ਹੀ ਜਿੱਤਣ ਵਾਲੀ ਨਹੀਂ ਸੀ। ਖਾਸ ਗੱਲ ਇਹ ਕਿ ਸ੍ਰ. ਪ੍ਰਤਾਪ ਸਿੰਘ ਕੈਰੋਂ ਮੁਖ ਮੰਤਰੀ ਪੰਜਾਬ ਕੇਵਲ ੩੪ ਵੋਟਾਂ ਨਾਲ ਹੀ ਜੇਲ ਵਿਚ ਬੈਠੇ ਅਕਾਲੀ ਤੇ ਦੂਜੀਆਂ ਪਾਰਟੀਆਂ ਦੇ ਮਿਲਵੇਂ ਉਮੀਦਵਾਰ ਮੋਹਨ ਸਿੰਘ ਤੁੜ ਨੂੰ ਜਿਤ ਸਕਿਆ।

ਰਾਤੀਂ ਮਾਸਟਰ ਤਾਰਾ ਸਿੰਘ ਦੇ ਫੜੇ ਜਾਣ ਦੀ ਖਬਰ ਵੀ ਆ ਗਈ। ਉਸਨੇ ਤਰਨ ਤਾਰਨ ਧਰਨਾ ਮਾਰਿਆ ਹੋਇਆ ਸੀ ਕਿ ਕੈਰੋਂ-ਤੁੜ ਦੀਆਂ ਵੋਟਾਂ ਦੀ ਦੋਬਾਰਾ ਗਿਣਤੀ ਕਰਵਾਈ ਜਾਏ, ਠੱਗੀ ਵੱਜ ਗਈ ਹੈ।

ਪਰ ੩੪ ਵੋਟਾਂ ਦੀ ਜਿੱਤ ਵੀ ਕੋਈ ਜਿੱਤ ਹੈ। ਸਾਰੀ ਸਰਕਾਰੀ ਮਸ਼ੀਨਰੀ ਝੋਕ ਕੇ ਜੇ ਮੁਖ ਮੰਤਰੀ ੩੪ ਵੋਟਾਂ ਨਾਲ ਜਿੱਤ ਵੀ ਗਿਆ ਤਾਂ ਇਹ ਹਾਰ ਵਰਗੀ ਜਿੱਤ ਹੀ ਹੈ।

ਸਤਿਗੁਰੂ ਜੀ ਦੀ ਅੱਜ ਉਡੀਕ ਹੁੰਦੀ ਰਹੀ ਪਰ ਉਹ ਆਏ ਨਹੀਂ।

੨੭ ਫਰਵਰੀ ੧੯੬੨

ਮੈਂ ਅੱਜ ਡੇਢ ਵਜੇ ਟੈਕਸੀ ਸਾਈਕਲ ਲੈ ਕੇ ਆਪਣੇ ਪਿੰਡ ਵਾਸਤੇ ਚਲ ਪਿਆ ਇਸ ਵਾਰ ਮੈਂ ਨਵੇਂ ਮਕਾਨ ਪਾਣ ਲਈ ਘਰ ਜਾਣਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਮੈਨੂੰ ਸਰਸੇ ਮਿਲੇ। ਉਹ ੧੯੬੨ ਮਾਡਲ ਦੀ ਅਪ-ਟੂ-ਡੇਟ ਕਾਰ ਅਮਰੀਕਾ ਤੋਂ ਮੰਗਵਾਈ ਅਮਰੀਕੀ ਸੰਗਤ ਦੁਆਰਾ ਭੇਟ ਕੀਤੀ, ਬੰਬਈ ਸਮੁੰਦਰੀ ਜਹਾਜ਼ੋਂ ਲੈ ਪਹਿਲੀ ਵਾਰ ਉਸ ਤੇ ਜੀਵਨ ਨਗਰ ਜਾ ਰਹੇ ਹਨ।

ਮੈਂ ਸਤਿਗੁਰੂ ਜੀ ਤੋਂ ਖਿਮਾ ਮੰਗੀ ਕਿ ਜ਼ਰੂਰੀ ਕਾਰਨਾਂ ਕਰਕੇ ਪਿੰਡ ਜਾ ਰਿਹਾ ਹਾਂ ਤੇ ਆਪ ਦੇ ਏਨੇ ਚਿਰ ਬਾਅਦ ਆਇਆਂ ਵੀ ਜੀਵਨ ਨਗਰ ਪਰਤ ਦਰਸ਼ਨ ਨਹੀਂ ਕਰ ਸਕਾਂਗਾ। ਆਗਿਆ ਬ-ਖੁਸ਼ੀ ਮਿਲੀ।



Sri Satguru Jagjit Singh Ji Elibrary NamdhariElibrary@gmail.com

ਬਸ ਸਟੈਂਡ ਤੇ ਗਿਆਂ ਮਹਾਰਾਜ ਬੀਰ ਸਿੰਘ ਜੀ ਵੀ ਮਿਲ ਪਏ। ਉਹ ਚਾਹੁੰਦੇ ਸਨ ਕਿ ਮੈਂ ਜੀਵਨ ਨਗਰ ਪਰਤ ਚਲਾਂ ਪਰ ਮੈਂ ਉਹਨਾਂ ਨੂੰ ਵੀ ਮਨਾਣ ਵਿਚ ਸਫਲ ਹੋ ਗਿਆ।

**੩ ਮਾਰਚ ੧੯੬੨**
**ਜੀਵਨ ਨਗਰ**

ਪਿੰਡ ਵਲੋਂ ਸਫਰ ਕਰਦੇ ਆਉਂਦਿਆਂ ਪਤਾ ਲਗਾ ਸੀ ਕਿ ਸਤਿਗੁਰੂ ਜੀ ਅਤੇ ਮਹਾਰਾਜ ਜੀਵਨ ਨਗਰ ਹੀ ਹਨ ਜਾਂ ਮੈਂ ਕੋਠੀ ਚਢਾਲ ਗਿਆ ਤਾਂ ਮਾਲੂਮ ਹੋਇਆ ਕਿ ਸਤਿਗੁਰੂ ਜੀ ਅਜ ਕੰਗਣ ਪੁਰ ਨੂੰ (ਸਰਸੇ ਨਜ਼ਦੀਕ) ਚਲੇ ਗਏ ਹਨ। ਮਾਤਾ ਜੀ ਵੀ ਏਥੇ ਆਏ ਹੋਏ ਸਨ। ਜਾ ਨਮਸਕਾਰ ਕੀਤੀ। ਪ੍ਰਸੰਨਤਾ ਪ੍ਰਾਪਤ ਹੋਈ।

**੪ ਮਾਰਚ ੧੯੬੨**
**ਜੀਵਨ ਨਗਰ**

੯ ਵਜੇ ਕੋਠੀ ਗਿਆ। ਸਤਿਗੁਰੂ ਜੀ ਅਤੇ ਮਹਾਰਾਜ ਏਥੇ ਹੀ ਸਨ। ਮੇਰੇ ਨਮਸਕਾਰ ਕਰਨ ਦੌਰਾਨ ਹੀ ਚੌਧਰੀ ਕੇਸਰਾ ਰਾਮ ਆਪਣੇ ਕੁਝ ਸਾਥੀਆਂ ਨਾਲ ਕ੍ਰਿਤਗਤਾ ਅਦਾ ਕਰਨ ਲਈ ਪਹੁੰਚ ਗਿਆ। ਉਸਨੇ ਦੋਹਾਂ ਭਰਾਵਾਂ ਨੂੰ ਖੂਬ ਨਮਸਕਾਰ ਕਰਦੇ ਕਿਹਾ: ਆਪ ਦੀ ਮਿਹਰਬਾਨੀ ਨਾਲ ਹੀ ਅਸੈਂਬਲੀ ਦੀ ਸੀਟ ਤੇ ਮੈਂ ਕਾਮਯਾਬ ਹੋਇਆ ਹਾਂ ਸਤਿਗੁਰਾਂ ਬੜੇ ਪਿਆਰੇ ਸ਼ਬਦਾਂ ਵਿਚ ਉਤਰ ਦਿਤਾ: ਇਹ ਤੁਹਾਡੇ ਲੋਕਾਂ ਦਾ ਹੀ ਕੰਮ ਸੀ। ਚੰਗਾ ਹੋਇਆ ਕਿ ਸਾਡੀ ਮੁਰਾਦ ਪੂਰੀ ਹੋ ਗਈ।

ਗੱਲ ਬਾਤ ਜਾਰੀ ਰਹਿੰਦਿਆਂ ਸਤਿਗੁਰਾਂ ਕੇਸਰਾ ਰਾਮ ਨੂੰ ਕਿਹਾ: ਅਜਿਹੇ ਮੌਕੇ ਤੇ ਤੁਹਾਨੂੰ ਸਭ ਲੋਕਾਂ ਨੂੰ ਮਿਲਣ ਤੇ ਉਨ੍ਹਾਂ ਦਾ ਧਨਵਾਦ ਕਰਨਾ ਚਾਹੀਦਾ ਹੈ। ਪਰ ਫਿਰ ਗੱਲ ਧਨਵਾਦ ਤੇ ਹੀ ਨਾ ਮੁਕੇ ਲੋਕਾਂ ਦੇ ਦੁਖ ਮੁਸੀਬਤਾਂ ਵਿਚ ਭਾਈਵਾਲ ਬਣਕੇ ਸਰਕਾਰੀ ਤੌਰ ਤੇ ਜੋ ਉਨ੍ਹਾਂ ਦੀ ਮਦਦ ਹੋਵੇ ਕਰਵਾਣੀ ਚਾਹੀਦੀ ਹੈ।

ਅੱਜ ਇਕ ਮੌਕੇ ਸੂਬਾ ਮੀਹਾਂ ਸਿੰਘ (ਗੁਰੂਸਰ-ਕਾਦੋਂ ਡੇਬ ਵਾਲੇ ਜੋ ਜੀਵਨ ਨਗਰ ਹੀ ਰਹਿੰਦੇ ਹਨ) ਹੁਰਾਂ ਨੂੰ ਮਿਲਣ ਗਿਆਂ ਸਤਿਗੁਰਾਂ ਮੈਨੂੰ ਦੱਸਿਆ: ਸੂਬਾ ਜੀ ਗੁਰੂ ਘਰ ਤੇ ਕਿੰਨੀ ਗਹਿਰੀ ਸ਼ਰਧਾ ਰਖਦੇ ਹਨ। ਮੇਰੇ ਘਰੋਂ ਨੂੰ ਵੀ ਜਦੋਂ ਮਾਤਾ ਜੀ ਕਹਿੰਦੇ ਹਨ ਤਾਂ ਇਹਨਾਂ ਦੇ ਸਿਦਕ ਨੂੰ ਵੇਖ ਹੈਰਾਨ ਰਹਿ ਜਾਈਦਾ ਹੈ। (ਸੂਬਾ ਮੀਹਾਂ ਸਿੰਘ ਜੀ ਸਾਕਾਦਾਰੀ ਵਿਚ ਸਤਿਗੁਰੂ ਜੀ ਦੇ ਸਕੇ ਮਾਮੇ ਹਨ)

ਬਰਸਾਤ ਸ਼ੁਰੂ ਹੋ ਗਈ ਹੈ। ਸਾਰਾ ਵਾਤਾਵਰਣ ਹੀ ਅਜਿਹਾ ਬਣ ਗਿਆ ਹੈ ਕਿ ਤਬੀਅਤ ਬੇਜ਼ਾਰ ਹੋ ਗਈ ਹੈ।

**੨੨ ਮਾਰਚ ੧੯੬੨**
**ਜੀਵਨ ਨਗਰ**

ਆਸਾ ਦੀ ਵਾਰ ਦਾ ਕੀਰਤਨ ਸੰਤ ਰੂੜ ਸਿੰਘ ਜ਼ਰੇਦਾਰ ਦੇ ਘਰ ਹੋ ਰਿਹਾ ਹੈ। ਸਤਿਗੁਰੂ ਜੀ ਨੇ ਏਥੇ ਦਰਸ਼ਨ ਦਿਤੇ। ਅਖੰਡ ਪਾਠ ਦਾ ਇਕ ਭੋਗ ਵੀ ਆਪ ਦੀ ਹਜ਼ੂਰੀ ਵਿਚ ਪਿਆ। ਵਾਰ ਦੀ ਸਮਾਪਤੀ ਪਿਛੋਂ ਕਿਸੇ ਸਿੰਘ ਦਾ ਕੇਸ ਸਤਿਗੁਰੂ ਜੀ ਸਾਹਵੇਂ ਆਇਆ ਕਿ ਉਸ ਦੀ ਨੂੰਹ ਜਾਂ ਧੀ ਤੇ ਜਾਦੂ ਟੂਣੇ ਦਾ ਅਸਰ ਹੋ ਰਿਹਾ ਹੈ। ਸਤਿਗੁਰਾਂ ਸਪਸ਼ਟ ਕੀਤਾ ਕਿ ਨਾਮਧਾਰੀਆਂ ਉਤੇ ਕਿਸੇ ਜਾਦੂ ਟੂਣੇ ਦਾ ਅਸਰ ਨਹੀਂ ਹੁੰਦਾ। ਇਹ ਸਾਡੇ ਮਨਾਂ ਦੀ ਕਮਜ਼ੋਰ ਹੀ ਹੈ ਜੁ ਅਜਿਹੇ ਵਾਕਿਅਤ ਹੋ ਜਾਂਦੇ ਹਨ।

**ਦੁਰਘਟਨਾ**

ਕੋਠੀ ਜੀਵਨ ਨਗਰ ਗਿਆਂ ਇਕ ਦੁਰਘਟਨਾ ਸੁਣ ਲਈ। ਮਾਸਟਰ ਸੁਹਾਵਾ ਸਿੰਘ ਜੀ ਆਪਣੇ ਦੋਹਤੇ ਦਾ ਮੁਕਲਾਵਾ ਲਿਆਉਣ ਲਈ ਕਿਰਪਾਲ ਪੱਟੀ ਨੂੰ, ਲੜਕੀ ਗੁਰੋ ਤੇ ਦੋਹਤੇ ਅਮਰ ਸਿੰਘ ਨਾਲ ਟਰੈਕਟਰ-ਟਰਾਲੀ ਤੇ ਕਲ ਲਉਂਦੇ ਵੇਲੇ ਗਏ। ਨਾਲੀ ਪਾਰੋਂ ਕੁੜਮਾਂ ਦਾ ਟਰੈਕਟਰ ਆਉਣਾ ਸੀ ਕਿ ਕਣੀਆਂ ਉਤਰ ਆਈਆਂ। ਮਿਲਣੀ ਵਾਲੇ ਟਰਾਲੀ ਦੇ ਹੇਠਾਂ ਵੜ ਗਏ। ਮਾ. ਸੁਹਾਵਾ ਸਿੰਘ ਨਾਲ ਇਕ ਵੀਹ ਸਾਲ ਤੋਂ ਚਲੀ ਆਉਂਦੀ ਪੁਰਾਣੀ ਦੁਨਾਲੀ ਬੰਦੂਕ ਸੀ। ਟ੍ਰਾਲੀ ਵਾਲਿਆਂ ਵਿਚੋਂ ਕਿਸੇ ਨੇ ਕਿਹਾ ਖੜਾਕ ਕਰ ਦਿਓ ਅਗਲਿਆਂ ਨੂੰ ਪਤਾ ਲਗ ਜਾਏ। ਮਾਸਟਰ ਜੀ ਨੇ ਬਾਹਰ ਨਿਕਲ ਦੁਨਾਲੀ ਦਾ ਘੋੜਾ ਦਬਾਇਆ। ਦੂਜੇ ਪਾਸਿਓਂ ਅਚਾਨਕ ਮਾਸਟਰ ਜੀ ਦੀ ਲੜਕੀ ਉਠ ਪਈ। ਗੋਲੀ ਦਾ ਨਿਸ਼ਾਨਾ ਆਪਣੀ ਲੜਕੀ ਹੀ ਹੋ ਗਈ। ਸਾਰਾ ਖੁਸ਼ੀ ਦਾ ਸਮਾਗਮ ਗਮੀ ਵਿਚ ਡੁਬ ਗਿਆ।



Sri Satguru Jagjit Singh Ji Elibrary NamdhariElibrary@gmail com

ਅੱਜ ਪਤਾ ਲਗਾ ਇਹ ਲੜਕੀ ਦਾ ਕਾਲ ਹੀ ਸੰਭਾਲ ਕੇ ਰਖਿਆ ਹੋਇਆ ਸੀ। ਪਿਤਾ ਹਥੋਂ ਆਪਣੀ ਆਸਰਾ ਰੂਪ ਲੜਕੀ ਦੀ ਮੌਤ !

ਪੁਲਿਸੀ ਕਾਰਵਾਈ ਤੋਂ ਬਾਅਦ ਅੱਜ ਰਾਤੀਂ ਬੀਬੀ ਦੁਰਗੀ ਦਾ ਸਸਕਾਰ ਕਰ ਦਿਤਾ ਗਿਆ।

ਸਤਿਗੁਰੂ ਜੀ ਨਾਲ ੧੦-੩੦ ਵਜੇ ਪਸ਼ੂ ਵਾੜੇ ਵਿਚ ਕੁਝ ਸਮਾ ਬੈਠਣ ਦਾ ਮੌਕਾ ਮਿਲਿਆ ਤੇ ਕਈ ਪਰਕਾਰ ਦੀਆਂ ਗੱਲਾਂ ਬਾਤਾਂ ਕਰਨ ਮਨ ਤੇ ਛਾਏ ਸੋਗ ਦੇ ਬਦਲ ਉਡ ਪੁਡ ਗਏ।

੬ ਮਾਰਚ ੧੯੬੨.

ਜੀਵਨ ਨਗਰ

ਨਿਕਾ ਜਿਹਾ ਸੁਖ

ਅੱਜ ਜਦੋਂ ਮੈਂ ਕੋਠੀ ਗਿਆ ਤਾਂ ਸਤਿਗੁਰੂ ਜੀ ਦਮ-ਦਮੇ ਕਿਸੇ ਦੇ ਘਰ ਆਸਾ ਦੀ ਵਾਰ ਅਤੇ ਭੋਗ ਦੇ ਸਲੋਕਾਂ ਸਮੇ ਦਰਸ਼ਨ ਦੇ ਕੇ ਆਏ ਸਨ। ਮੈਂ ਨਮਸਕਾਰ ਕਰਕੇ ਖਲੋਤਾ ਤਾਂ ਸਤਿਗੁਰੂ ਜੀ ਨੇ ਮੇਰੇ ਪਾਸ ਖਲੋਤੇ ਇਕ ਹੋਰ ਸੱਜਣ ਨੂੰ ਸੁਣਾ ਕੇ ਕਿਹਾ: ਕਵੀ ਜੀ, ਮੇਰੇ ਪਾਸ ਤੁਹਾਡੇ ਜੋਗਾ ਵਕਤ ਨਹੀਂ। ਮੈਂ ਹਸ ਕੇ ਤੇ ਨਿਹਾਲ ਹੋਏ ਹੋਏ ਨੇ ਉਤਰ ਵਿਚ ਆਖਿਆ: ਮੈਨੂੰ ਤਾਂ ਏਨਾ ਹੀ ਕਾਫੀ ਜਿੰਨਾ ਆਪ ਨੇ ਦੇ ਦਿਤਾ ਹੈ। ਫੇਰ ਸਤਿਗੁਰੂ ਜੀ ਨੇ ਇਕ ਦੂਜਾ ਤਰੀਕਾ ਵਰਤਿਆ: ਵਕਤ ਤਾਂ ਨਹੀਂ ਪਰ ਘੜੀ ਹੈ। ਮੇਰਾ ਪੂਰੀ ਉੱਤਰ ਸੀ: ਜਿਨ੍ਹੂੰ ਆਪ ਜੀ ਪਾਸੋਂ ਘੜੀ-ਵਕਤ ਮਿਲ ਜਾਵੇ ਉਸ ਹੋਰ ਕੀ ਲੈਣਾ ਹੈ।

ਮੇਰੇ ਨਾਲ ਦਾ ਮੈਨੂੰ ਕਹਿਣ ਲਗਾ: ਫਿਰ ਤੁਸੀਂ ਹੀ ਤਾਂ ਵਕਤ [illegible] ਰਹੇ ? ਸਤਿਗੁਰੂ ਜੀ ਨੇ ਫਰਮਾਇਆ: ਨਹੀਂ, ਮੈਂ ਤਾਂ ਕਵੀ ਜੀ ਲਈ ਹੀ ਕਿਹਾ ਹੈ।

ਕੱਲ ਮੈਂ ਮਾਸਟਰ ਸੁਹਾਵਾ ਸਿੰਘ ਅਤੇ ਕੁਲਵੰਤ ਸਿੰਘ ਹੁਰਾਂ ਨੂੰ ਬੀਬੀ ਦੁਰਗੀ ਦੇ ਕੁਆਣ ਬਾਬਤ ਗਿਆ ਸਾਂ, ਅੱਜ ਅਮਰ ਸਿੰਘ ਹੁਰਾਂ ਨੂੰ ਮਿਲਿਆ। ਮੁਕਲਾਵਾ ਜਸਵੰਤ ਸਿੰਘ ਦਾ ਲਿਆਂਦਾ ਜਾ ਰਿਹਾ ਸੀ ਜਿਸ ਦੀ ਖੁਸ਼ੀ ਬੀਬੀ ਦੁਰਗੀ ਨਾ ਵੇਖ ਸਕੀ।

੭ ਮਾਰਚ ੧੯੬੨

ਜੀਵਨ ਨਗਰ

ਸਤਿਗੁਰੂ ਜੀ ਨੂੰ ਕੋਠੀ ਜਾਕੇ ਨਮਸਕਾਰ ਕੀਤੀ। ਅਮਰ ਭਾਰਤੀ ਦੇ ਮਜ਼ਮੂਨ ਬਾਬਤ, ਜੋ ਉਸ ਮੇਰੇ, ਲੇਖਕਾਂ ਬਾਰੇ ਉਠਾਏ ਸੁਆਲ ਦੇ ਸੰਦਰਭ ਵਿਚ ਲਿਖਿਆ ਸੀ, ਸਤਿਜੁਗ ਵਿਚ ਦੇਣ ਬਾਰੇ ਜ਼ਿਕਰ ਕੀਤਾ। ਮੈਂ ਕਿਹਾ, ਉਹ ਤੁਹਾਡੇ ਕਾਂਗਰਸ ਨਾਲ ਮੇਲ ਤੋਂ ਪਰੇਸ਼ਾਨ ਹਾਲਤ ਵਿਚ ਲਿਖਦਾ ਹੈ। ਸਤਿਗੁਰਾਂ ਆਖਿਆ: ਕੋਈ ਹਰਜ ਨਹੀਂ, ਅਖਬਾਰ ਵਿਚ ਛਾਪ ਦਿਓ।

੮ ਮਾਰਚ ੧੯੬੨

ਪਿਆਰ ਦਾ ਹੁਲਾਰਾ

ਸਤਿਗੁਰੂ ਜੀ ਅੱਜ ਕਿਸੇ ਮੇਲੇ ਤੇ, ਜੀਵਨ ਨਗਰ ਦੇ ਇਲਾਕੇ ਵਿਚ ਹੀ ਪਿੰਡ ਹਾਰਨੀਆਂ ਗਏ ਹਨ। 'ਸਤਿਜੁਗ' ਦੇ ਤਿਆਰ ਪਰਚੇ ਸਤਿਗੁਰਾਂ ਨੂੰ ਮੇਲੇ ਵਿਚ ਹੀ ਭੇਜੇ।

ਮਹਾਰਾਜ ਬੀਰ ਸਿੰਘ ਜੀ ਵੀ ਅਜ ਆਏ ਹੋਏ ਸਨ। ਬੜਾ ਪਿਆਰੇ ਜਿਹੇ ਲਗੇ। ਗੁਰਦੇਵ ਸਿੰਘ ਵਾਲੇ ਕਮਰੇ ਵਿਚ ਮੈਂ ਫੜ ਕੇ ਉਨ੍ਹਾਂ ਨੂੰ ਗਲ ਲਾ ਲਿਆ। ਕਹਿਣ ਲਗੇ: ਅੱਜ ਕੀ ਗੱਲ ਹੈ ? ਉਤਰ ਸੀ: ਅੱਜ ਬਹੁਤ ਹੀ ਪਿਆਰੇ ਲਗ ਰਹੇ ਹੋ। ਮੈਨੂੰ ਚਬਰ ਤੋੜਨ ਦਾ ਪਛਤਾਵਾ ਨਹੀਂ।

ਕਿਤੇ ਲਉਢੇ ਵੇਲੇ ਜਾ ਫਿਰ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਉਹ ਊਠਾਂ ਦੇ ਵਾੜੇ ਵਿਚ ਗਏ ਹੋਏ ਸਨ। ਮੈਂ ਮੱਥਾ ਟੇਕ ਕੇ ਪੁਛਿਆ। ਕੀ ਵਿਚਾਰ ਸਨ, ਅੱਜ ਦਰਸ਼ਨ ਨਾ ਦੇਣ ਦੀ ਸਹੁੰ ਸੀ ਸਗੋਂ ? ਇਕ ਵਾਰ ਤਾਂ ਮੱਥਾ ਟੇਕ ਲੈਣ ਦਿਆ ਕਰੋ। ਫੇਰ ਹੋਰ ਗੱਲਾਂ ਤੋਂ ਛੁਟ ਮੈਂ ਆਪਣੇ ਪਿੰਡ ਜਾਣ ਦੀ ਆਗਿਆ ਮੰਗੀ। ਕਹਿਣ ਲਗੇ: ਮੈਂ ੩੦ ਫਗਣ ਤਕ ਏਥੇ ਆਂ, ੨੯ ਨੂੰ ਆ ਜਾਈਂ ਜ਼ਰੂਰ। ਬੜੀ ਆਤਮੀਅਤਾ ਨਾਲ ਸਭੇ ਗੱਲਾਂ ਹੋਈਆਂ।

ਲੱਗ ਜਾ ਚਰਨੀਂ

ਸੰਤ ਬਲਵੰਤ ਸਿੰਘ ਮਸ਼ੀਨਮੈਨ (ਅਜ ਕਲ ਕੀਰਤ-ਨੀਏ) ਨੇ ਵੀ ਸਤਿਗੁਰਾਂ ਦੇ ਚਰਨ ਆਪਣੀ ਦੁਕਾਨ ਵਿਚ ਪੁਆਏ। ਉਹ ਅਰਜ਼ ਕਰਨ ਲਗਿਆ ਨਮਰਤਾ, ਗਰੀਬੀ ਤੇ ਚਾਉ ਦੀ ਮੂਰਤ ਬਣ ਗਿਆ। ਜਿਵੇਂ ਸਾਰੀ ਆਤਮਾ ਉਹਦੇ


Sri Satguru Jagjit Singh Ji Elibrary NamdhariElibrary@gmail com

ਚਿਹਰੇ ਵਿਚ ਆ ਗਈ। ਮੈਂ ਵੀ ਜ਼ੋਰ ਦਿਤਾ। ਸਤਿਗੁਰੂ ਕਹਿਣ ਲਗੇ: ਤੂੰ ਇਸ ਦੀ ਸੰਤਾਈ ਨੂੰ ਮੰਨਦਾ ਹੈਂ ? (ਆਪ ਜੀ ਜਾਣਦੇ ਹਨ ਕਿ ਮੈਂ ਅਜਿਹੀ ਕਿਸੇ ਗੱਲ ਨੂੰ ਪ੍ਰਧਾਨਤਾ ਨਹੀਂ ਦਿੰਦਾ. ਮੈਂ ਅਰਜ਼ ਕੀਤੀ: ਸੰਤਾਈ ਤਾਂ ਮੰਨਾਂ ਜਾਂ ਨ ਮੰਨਾਂ। ਇਸ ਵੇਲੇ ਇਸ ਦੀ ਦਸ਼ਾ ਸੰਤੁਸ਼ਟੀ ਦੀ ਮੰਗ ਕਰਦੀ ਹੈ। ਸਰੇ ਮਨੋਂ ਅਨੰਦ ਵਿਭੋਰ ਹੋਇਆ ਆਪ ਦੇ ਚਰਨ ਚਾਹੁੰਦਾ ਹੈ। ਸਤਿਗੁਰੂ ਜੀ ਸੰਤ ਬਲਵੰਤ ਸਿੰਘ ਦੀ ਦੁਕਾਨ ਤੇ ਗਏ। ਨਾਲ ਹੋਰ ਬਹੁਤ ਸਾਰੇ ਸਿੰਘ ਸਨ। ਸੰਤਾਂ ਨੇ ਬਰਫੀ ਵੰਡੀ।

ਮਹਾਰਾਜ ਬੀਰ ਸਿੰਘ ਜੀ ਵੀ ਨਾਲ ਸਨ। ਉਹ ਸੰਕੋਚ ਕਰ ਰਹੇ ਸਨ। ਉਹਨਾਂ ਦੀ ਅਵੱਗਿਆ ਬਲਵੰਤ ਸਿੰਘ ਹੁਰਾਂ ਕੀਤੀ ਹੋਈ ਸੀ। ਸਤਿਗੁਰਾਂ ਇਸ਼ਾਰੇ ਨਾਲ ਸੰਤਾਂ ਨੂੰ ਕਿਹਾ: ਲਗ ਜਾ ਚਰਨੀਂ। ਬਲਵੰਤ ਸਿੰਘ ਚਰਨੀਂ ਢਹਿ ਪਿਆ। ਮੈਂ ਕਿਹਾ: ਮਹਾਰਾਜ ਹੁਣ ਤਾਂ ਖਿਮਾ ਕਰੋ ਸੂ। ਤਾਂ ਮਹਾਰਾਜ ਜੀ ਨੇ ਥੋੜੀ ਬਰਫੀ ਮੂੰਹ ਪਾਕੇ – ਕਿਣਕਾ ਮਾਤਰ, ਉਸਦੀਆਂ ਖੁਸ਼ੀਆਂ ਮੁਕੰਮਲ ਕੀਤੀਆਂ।

**੯ ਮਾਰਚ ੧੯੬੨**
**ਜੀਵਨ ਨਗਰ**
**ਤੇਰ੍ਹਾਂ ਸਾਲਾਂ ਪਿਛੋਂ**

ਬੀਬਾ ਸਿੰਘ—ਸਜਣ ਸਿੰਘ (ਸਪੁਤਰ ਸੰਤ........) ਹੁਰਾਂ, ਜੋ ਜੀਵਨ ਨਗਰ ਵਿਚ ਦੁਕਾਨਦਾਰੀ ਕਰਦੇ ਹਨ। ਪਰਸੋਂ ਦਾ ਆਪਣੇ ਘਰ ਅਖੰਡ ਪਾਠ ਰਖਵਾਇਆ ਹੋਇਆ ਸੀ। ਸੱਜਣ - ਪਤਨੀ ਕੰਤੋ ਦੇ ਘਰ ਤੇਰਾਂ ਸਾਲਾਂ ਪਿਛੋਂ ਲੜਕਾ ਹੋਣ ਦੀ ਖੁਸ਼ੀ ਵਿਚ। ਵਿਚਾਰੀ ਉਚੀ ਲੰਮੀ ਜੁਆਨ ਕੁੜੀ ਦੀ ਵੀ ਪੁਕਾਰ ਸੁਣੀ ਗਈ ਸੀ। ਅਜ ਉਹਨਾਂ ਨੇ ਵਿਸ਼ੇਸ਼ ਪਿੰਡਾਲ ਬਣਵਾਕੇ ਆਸਾ ਦੀ ਵਾਰ ਸੁਆਈ ਹੋਈ ਸੀ। ਮੈਂ ਸਤਿਗੁਰੂ ਜੀ ਦੇ ਦਰਸ਼ਨ ਵਾਰ ਵਿਚ ਜਾ ਕੀਤੇ। ਭਾਵੇਂ ਮੇਰੇ ਮਨ ਵਿਚ ਪਿੰਡ ਜਾਣ ਦੀ ਕਾਹਲ ਸੀ, ਪਰ ਅਖੰਡ ਪਾਠ ਦੇ ਭੋਗ ਦੇ ਸ਼ਲੋਕ ਵੀ ਸੁਣੇ।

ਭੋਗ ਦੇ ਸ਼ਲੋਕਾਂ ਬਾਅਦ ਬੀਬਾ ਸਿੰਘ ਹੁਰਾਂ ਨੇ ਸਾਰੀ ਸੰਗਤ ਲਈ ਦੇਸੀ ਘਿਉ ਦੀ ਬੂੰਦੀ ਦਾ ਲੰਗਰ ਕੀਤਾ। ਉਂਜ ਮੈਂ ਵੇਖਿਆ ਹੈ ਕਿ ਨਾਮਧਾਰੀ ਸਿੰਘ ਸਦਾ ਹੀ ਦੇਸੀ ਘਿਉ ਦੀ ਵਰਤੋਂ ਕਰਦੇ ਹਨ ਖਾਸ ਕਰ ਅਜਿਹੇ ਸਮਿਆਂ ਤੇ। ਜੀਵਨ ਨਗਰ ਦੀ ਵਸੋਂ ਤੋਂ ਬਿਨਾ ਹੋਰ ਪਿੰਡਾਂ ਦੇ ਲੋਕ ਵੀ ਆਏ ਹੋਏ ਸਨ।

**ਅਲੇਖਾ ਵਿਹਾਰ**

ਏਸ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਬਾਗ ਵਿਚ ਬੈਠੇ ਦਮਦਮਾ, ਕਰੀਵਾਲਾ ਆਦਿ ਕੁਝ ਨਾਮਧਾਰੀਆਂ ਦੇ ਝਗੜਿਆਂ ਦੇ ਫੈਸਲੇ ਕਰ ਰਹੇ ਸਨ। ਮੈਂ ਨਮਸਕਾਰ ਕਰਕੇ ਪਿੰਡ ਜਾਣ ਦੀ ਆਗਿਆ ਮੰਗੀ ਤਾਂ ਕਹਿਣ ਲਗੇ: ਜ਼ਰਾ ਅਟਕ। ਮੈਂ ਕੋਠੀ ਚਲਦਾ ਹਾਂ ਤਾਂ ਮਿਲੀਂ। ਤੇਰਾ ਕਰਜ਼ ਉਤਾਰ ਦਿਆਂ।

ਮੈਂ ਹੈਰਾਨ ਰਹਿ ਗਿਆ, ਮੇਰਾ ਕਿਹੜਾ ਕਰਜ਼ ਉਤਾਰਨਾ ਨੇ ? ਖਿਆਲ ਆਇਆ ਮੈਂ ਤਨਖਾਹ ਵਾਧੇ ਲਈ ਕਿਸੇ ਤੋਂ ਕਹਾਇਆ ਸੀ, ਖਬਰੇ ਭਰਾਵਾਂ ਨੇ ਕੋਈ ਪ੍ਰਸਪਰ ਫੈਸਲਾ ਕਰ ਲਿਆ ਹੋਵੇ, ਦੱਸਣ ਵਾਲਾ।

ਜਾਂ ਪ੍ਰਸ਼ਾਦ ਛਕ ਕੇ ਸਤਿਗੁਰੂ ਜੀ ਵਿਹਲੇ ਹੋਏ ਤਾਂ ਮੈਂ ਜਾ ਪੁਛਿਆ: ਕੀ ਹੁਕਮ ਸੀ ? ਕਹਿਣ ਲਗੇ: ਕਿਥੇ ਜਾਣਾ ਈ ? 'ਪਿੰਡ, ਪੰਜਾਵੇ ਜ਼ਿ: ਫੀਰੋਜ਼ਪੁਰ — ਅੱਜ ਕਲ ਜ਼ਿਲ੍ਹਾ ਫਰੀਦ ਕੋਟ)' ਮੈਂ ਉਤਰ ਦਿਤਾ।

'ਉਧਰ ਬੂਹੇ ਪਾਸ ਆ।'

ਅਤੇ ਮੈਨੂੰ ਦੂਜੇ ਬੂਹੇ ਅੰਦਰ ਬੁਲਾ ਲਿਆ ਗਿਆ। ਇਸ਼ਨਾਨ ਕਮਰਾ ਸੀ ਇਹ, ਉਹਨਾਂ ਦੇ ਰਿਹਾਇਸ਼ੀ ਕਮਰੇ ਦੇ ਨਾਲ ਦਾ। ਸੌ ਸੌ ਦੇ ਪੰਜ ਨੋਟ ਜਾਲੀ ਉਤੇ ਉਨ੍ਹਾਂ ਕਿਸੇ ਤੋਂ ਧਰਵਾਏ ਲਗਦੇ ਸਨ (ਕਿਉਂ ਕਿ ਆਪ ਸਤਿਗੁਰੂ ਜੀ ਨੇ ਗੁਰ ਗੱਦੀ ਤੇ ਵਿਰਾਜਮਾਨ ਹੋਇਆਂ ਪੈਸੇ ਨੂੰ ਹੱਥ ਨਹੀਂ ਲਾਇਆ) ਕਹਿਣ ਲਗੇ: ਗਿਣ ਕੇ ਚੁਕ ਲੈ। (ਮੈਨੂੰ ਪਤਾ ਸੀ ਅਜ ਕਲ ਉਹ ਨਕਦ ਨਰਾਇਣ ਵਰਤਣ ਦਾ ਅਧਿਕਾਰ ਤਾਂ ਰਖਦੇ ਸਨ ਪਰ ਵੰਡਣ ਦਾ ਨਹੀਂ।)

ਮੈਂ ਹੈਰਾਨ ਰਹਿ ਗਿਆ। ਲੋੜ ਤਾਂ ਮੇਰੀ ਹੈਸੀ ਕਿਉਂਕਿ ਮੈਂ ਪਿੰਡ ਨਵੇਂ ਮਕਾਨਾਂ ਦੇ ਛੱਤਣ ਦਾ ਘਰ ਪ੍ਰਬੰਧ ਕੀਤਾ ਹੋਇਆ ਸੀ, ਪੈਸੇ ਪੈਸੇ ਦੀ ਲੋੜ ਸੀ। ਪਰ ਇਹਨਾਂ ਕਿਵੇਂ ਜਾਣ ਲਿਆ ਕਿ ਮੇਰੀ ਕੋਈ ਲੋੜ ਸੀ ਜਾਂ



Sri Satguru Jagjit Singh Ji Elibrary NamdhariElibrary@gmail com

ਇਹਨਾਂ ਤੋਂ ਮੰਗ ਸੀ। ਮੈਂ ਨਿਮਰਤਾ ਸਹਿਤ ਆਖਿਆ : ਅਗੇ ਹੀ ਬੜੀ ਕਿਰਪਾ ਹੈ, ਇਹਨਾਂ ਦੀ ਕੀ ਲੋੜ ਹੈ। ਤਾਂ ਹਸਦਿਆਂ ਚਰਨਾਂ ਤੋਂ ਜੋੜਾ ਲਾਹਣ ਲਗੇ। "ਚੱਕਦਾ ਏਂ ਕਿ ਨਹੀਂ ?'

ਮੈਂ ਫਿਰ ਕਿਹਾ : ਕਿਸ ਹਿਸਾਬ ਵਿਚ ਗਿਣਾਂ ਇਹਨਾਂ ਨੂੰ ?

"ਇਹ ਬਿਨਾ ਹਿਸਾਬੋਂ ਨੇ।"

ਜੇਬ ਵਿਚ ਰਕਮ ਪਾਕੇ ਬਾਹਰ ਨਿਕਲ ਆਇਆ। ਅਣਸੋਚੀ ਰਕਮ ਪ੍ਰਾਪਤ ਕਰਕੇ ਹਿਰਦਾ ਖੁਸ਼ੀ ਨਾਲ ਛਲਕ ਰਿਹਾ ਸੀ। ਉਹਦੇ ਪਿਆਰ ਦੀਆਂ ਗੱਲਾਂ ਤਾਂ ਕੀ ਕਰਨੀਆਂ ਨੇ। ਮੈਨੂੰ ਜਾਪਦਾ ਸੀ ਸਤਿਗੁਰੂ ਮੈਨੂੰ ਇਕ ਹਜ਼ਾਰ ਰੁਪੈਆ ਦੇ ਕੇ ਮੇਰੀ ਉਸਾਰੀ ਵਿਚ ਮਦਦ ਕਰਨਾ ਚਾਹੁੰਦੇ ਸਨ, ਪਰ ਇਹ ਪੰਜ ਸੌ ਪਤਾ ਨਹੀਂ ਉਹਨਾਂ ਕਿਵੇਂ ਪੈਦਾ ਕੀਤੇ। ਜ਼ਿੰਦਗੀ ਦੇ ਦੋ ਸਿਰੇ ਹਨ ਇਕ ਕੰਜੂਸੀ ਦਾ ਦੂਜਾ ਉਦਾਰਤਾ ਦਾ।

**੧੨ ਮਾਰਚ ੧੯੬੨**
**ਜੀਵਨ ਨਗਰ**

ਪਿੰਡੋਂ ਹੋ ਕੇ ਪਰਤਿਆ ਹਾਂ। ਸਤਿਗੁਰੂ ਜੀ ਦੇ ਕੋਠੀ ਜਾ ਕੇ ਦਰਸ਼ਨ ਕੀਤੇ। ਮੈਨੂੰ ਕਿਹਾ ਗਿਆ ਕਿ ਮੈਂ ਜਲੰਧਰ ਰੇਡੀਓ ਤੇ ਬ੍ਰਾਡਕਾਸਟ ਕਰਨ ਲਈ ਇਕ ਲੇਖ ਲਿਖਾਂ।

ਸਤਿਗੁਰੂ ਜੀ ਅਜ ਖਤਿਆਲ ਜਾਂ ਤਲਵਾੜੇ ਤੋਂ ਹੋ ਕੇ ਜੀਵਨ ਨਗਰ ਆਏ ਹਨ।

**੧੩ ਮਾਰਚ ੧੯੬੨**
**ਸੁਧਾਰ ਦਲ**

ਅੱਜ ਸ੍ਰੀ ਜੀਵਨ ਨਗਰ ਇਕ ਮੇਲਾ ਕੀਤਾ ਗਿਆ ਹੈ। ਆਸਾ ਦੀ ਵਾਰ ਉਪਰੰਤ ਬਹੁਤ ਤਕੜੀ ਭੀੜ ਹੋ ਗਈ। ਮਹਾਰਾਜ ਬੀਰ ਸਿੰਘ ਜੀ ਵੀ ਰਾਤ ਦੇ ਆਏ ਹੋਏ ਹਨ। ਪਹਿਲਾਂ ਤਾਂ ਦੋਹਾਂ ਵੀਰਾਂ ਨੇ ਕੁਝ ਵਿਚਾਰਾਂ ਪਰਸਪਰ ਕੀਤੀਆਂ। ਫੇਰ ੭੦ ਸਰੀਰਾਂ ਦੀ ਇਕ ਮੀਟਿੰਗ ਕੋਠੀ ਵਿਚ ਹੋਈ। ਜਿਸ ਵਿਚ ਸਤਿਗੁਰੂ ਜੀ ਨੇ ਹੇਠ ਲਿਖੇ ਨੁਕਤਿਆਂ ਤੇ ਇੱਕਤਰ ਸੰਗਤ ਨੂੰ ਪ੍ਰੇਰਨਾ ਦਿਤੀ : ਨਾਮਧਾਰੀ ਨੌਜੁਆਨ ਸ਼ੰਬਲੇਦਾਰ ਪੱਗਾਂ ਅਤੇ ਧੱਬਲੀਆਂ ਬੰਨ੍ਹਣੋਂ ਮਾਪਿਆਂ ਦੀ ਪਰੇਰਨਾ ਨਾਲ ਰੋਕੇ ਜਾ ਸਕਦੇ ਹਨ। ਸ਼ਰਾਬ ਪੀਣ, ਵਹਿਸ਼ਕੇ ਖੁੱਸੀ ਕਰਨ ਦੀ ਕਿਤੇ ਕਿਤੇ ਉਠਦੀ ਰੁਚੀ ਨੂੰ ਹੁਣੇ ਲਗਾਮ ਦੇਣੀ ਚਾਹੀਦੀ ਹੈ। ਛੁਹਾਰੇ ਲਾਣੇ, ਵਿਆਹ ਘਰ ਕਰਨੇ, ਮਿਲਣੀਆਂ ਮੁਕਲਾਵਿਆਂ ਦਾ ਆਡੰਬਰ ਕਰਨਾ ਸਾਡੇ ਆਚਰਨ ਨੂੰ ਲੋਕਾਚਾਰ ਵਿਚ ਬਦਲਦਾ ਹੈ ਇਸ ਤੇ ਰੋਕ ਲਗਾਓ। ਗੁਰੂ ਨਿੰਦਕਾਂ ਤੇ ਵਿਰੋਧੀਆਂ ਨਾਲ ਵਰਤਣਾ, ਸਰਕਾਰੀ ਗ੍ਰਾਂਟਾਂ ਤੇ ਟੇਕ ਰਖਣਾ, ਲਾਊਡ ਸਪੀਕਰਾਂ ਦੀ ਬੇਤਹਾਸ਼ਾ ਵਰਤੋਂ ਅਤੇ ਗੰਦੇ ਰੀਕਾਰਡਾਂ ਦਾ ਵਜਾਣਾ ਬੰਦ ਹੋਣਾ ਚਾਹੀਦਾ ਹੈ। ਸਾਨੂੰ ਵੱਧ ਤੋਂ ਵੱਧ ਤੋਂ ਵੱਧ ਉਤਸਾਹ ਨਾਲ ਨਾਮਧਾਰੀ ਮਰਿਆਦਾ ਨੂੰ ਉਜਾਗਰ ਕਰਨਾ ਚਾਹੀਦਾ ਹੈ।

ਸਾਰੇ ਪਿੰਡਾਂ ਦੇ ਨੁਮਾਇੰਦਿਆਂ ਤੇ ਮੁਖੀਆਂ ਨੇ ਜੁ ਇਸ ਮੀਟਿੰਗ ਵਿਚ ਜੁੜੇ ਸਨ ਸਤਿਗੁਰਾਂ ਤੋਂ ਇਕ ਮਹੀਨੇ ਦਾ ਵਕਫਾ ਲਿਆ ਕਿ ਉਹ ਮਹੀਨਾ ਭਰ ਆਪਣੇ ਆਪ ਜਤਨ ਕਰਨਗੇ, ਪਰ ਸਤਿਗੁਰੂ ਜੀ ਵੀ ਆਪਣੇ ਤੌਰ ਕਿਰਪਾ ਕਰਦੇ ਰਹਿਣ।

ਸ. ਸਾਹਿਬ ਸਿੰਘ ਮਾਨ, ਸੰਤ ਗੁਰਮੁਖ ਸਿੰਘ ਛੱਬਤ, ਸ. ਜੰਗ ਸਿੰਘ ਰਾਜਾ ਜੰਗੀਆ, ਸੰਤ ਕਿਰਪਾਲ ਸਿੰਘ ਨਾਰਲੀ ਕੁਝ ਹੋਰ ਪ੍ਰਤਿਸ਼ਟ ਮਲਵਈ ਸਿੰਘਾਂ ਨੂੰ ਨਾਲ ਲੈ ਕੇ ਬਾਬਾ ਜੰਗ ਸਿੰਘ ਜੀ ਪਾਸ ਜਾਣ ਦਾ ਵੀ ਫੈਸਲਾ ਹੋਇਆ।

੨-੩੦ ਵਜੇ ਦੁਪਹਿਰੇ ਬਾਹਰ ਦੀਵਾਨ ਵਿਚ ਉਪਰੋਕਤ ਭਾਵ ਦੀ ਇਕ ਤਕਰੀਰ, ਸਤਿਗੁਰੂ ਜੀ ਨੇ ਮੈਨੂੰ ਕਰਨ ਦੀ ਆਗਿਆ ਕੀਤੀ।

੪ ਵਜੇ ਤਕ ਸਤਿਗੁਰੂ ਜੀ ਅਤੇ ਮਹਾਰਾਜ ਜੀ ਭੈਣੀ ਸਹਿਬ ਨੂੰ ਚਲੇ ਗਏ।

**੧੫ ਮਾਰਚ ੧੯੬੨**
**ਦਿੱਲੀ**
**ਲਾਲ ਸਿੰਘ ਉਗੰਦ**

ਸਤਿਜੁਗ ਦੇ ਸਿਆਮ ਅੰਕ ਦੀ ਤਿਆਰੀ ਬਾਬਤ ਮੈਨੂੰ ਅਜ ਦਿੱਲੀ ਜਾਣਾ ਪੈਣਾ ਸੀ। ਚਾਰ ਵਜੇ ਲਉਂਦੇ ਵੇਲੇ ਤਕ ਹਿਸਾਰ ਤੇ ਹਿਸਾਰੋਂ ਕ੍ਰਿਸ਼ਨਾ ਬਸ ਸਵਾਰ ਹੋ ੮ ਵਜੇ ਰਾਤ ਤਕ ਦਿਲੀ ਪਹੁੰਚ ਗਿਆ। ਚਖੀਰੇ ਦੇ ਅੱਡੇ ਤੇ ਉਤਰਿਆ ਤਾਂ ਸੰਤ ਲਾਲ ਸਿੰਘ ਉਗੰਦ ਮਿਲ ਪਿਆ। ਪੁਰਾਣਾ ਮੇਲੀ



Sri Satguru Jagjit Singh Ji Elibrary NamdhariElibrary@gmail com

ਗੋਲੀ ਹੈ। ਘਰ ਲੈ ਗਿਆ। ਛੋਟੇ ਜਿਹੇ ਘਰ ਵਿਚ ਪ੍ਰੇਮ ਸ਼ਰਧਾ ਤੇ ਸਤਿਕਾਰ ਦੀ ਬਹੁਤਾਤ ਸੀ। ਹਿਤ ਨਾਲ ਰੋਟੀ ਖੁਆਈ। ਘਰ ਵਿਚ ਵੱਡੀ ਲੜਕੀ ਹੈ ਦੋ ਲੜਕੇ ਅਜੇ ਛੋਟੇ ਛੋਟੇ ਹਨ। ਸਤਿਗੁਰੂ ਜੀ ਦਾ ਡਾਢਾ ਸਿਦਕੀ ਸੇਵਕ ਹੈ।

**ਜਿਓਤੀ**

੯-੩੦ ਤਕ ਰਾਤੀਂ ਲਾਲ ਸਿੰਘ ਹੁਰਾਂ ਨੂੰ ਨਾਲ ਲੈ ਕੇ ਸੰਤ ਨਿਰੰਜਨ ਸਿੰਘ ਜਿਓਤੀ ਦੇ ਘਰ ਰਮੇਸ਼ ਨਗਰ ਗਿਆ ਮਕਾਨ ਇਹਨਾਂ ਦਾ ਸੁਹਣਾ ਤੇ ਆਪਣਾ ਹੈ। ਸਾਰੇ ਪਰਵਾਰ ਨੇ ਮੇਰੀ ਆਮਦ ਤੇ ਚਾਅ ਦਾ ਇਜ਼ਹਾਰ ਕੀਤਾ। ਗੱਲਾਂ ਭਾਵੇਂ ਰਾਤ ਦੇ ੧੨ ਵਜੇ ਤਕ ਕਰਦੇ ਰਹੇ। ਪਰ ਜਿਓਤੀ ਬੜਾ ਬੰਦ ਬੰਦ ਤੇ ਕੁਛ ਹਊਂ'ਵਾਦੀ ਪ੍ਰਤੀਤ ਹੋਇਆ। ਮੇਰੀ ਇਜ਼ਤ ਤਾਂ ਬਹੁਤ ਕਰਦਾ ਹੈ ਪਰ ਸੰਕੋਚੀ ਵਧੇਰੇ ਤੇ ਸਰਲ ਘੱਟ ਹੈ। ਇਹ ਮੇਰੇ ਪੁਰਾਣੇ ਸਜਣਾਂ ਚੋਂ ਹੈ।

**੧੬ ਮਾਰਚ ੧੯੬੨**

**ਦਿੱਲੀ**

੯ ਵਜੇ ਦਿਨੇ ਸੰਤ ਮੰਗਲ ਸਿੰਘ 'ਨਵਾਂ ਹਿੰਦੁਸਤਾਨ' ਦੇ ਦਫਤਰ ਗਿਆ। ਏਥੇ ਮੰਗਲ ਸਿੰਘ ਜੀ ਤੋਂ ਪਹਿਲਾਂ ਡਾ: ਧਿਆਨ ਸਿੰਘ ਜਨਰਲ ਸਕੱਤ੍ਰ ਨਾਮਧਾਰੀ ਦਰਬਾਰ ਮਿਲੇ। ਖੂਬ ਚਾਉ ਚੜੇ। ਥੋੜੀ ਦੇਰ ਬਾਅਦ ਸੰਤ ਮੰਗਲ ਸਿੰਘ ਰਮੇਸ਼ ਨਗਰੋਂ ਆਏ। ਮੈਨੂੰ ਮਿਲ ਉਹਨਾਂ ਦੀ ਖੁਸ਼ੀ ਦੀ ਵੀ ਹੱਦ ਨ ਰਹੀ ਤੇ ਕੁਛ ਸਮਾਂ ਪਿਛੋਂ ਉਨ੍ਹਾਂ ਦਾ ਵਡਾ ਲੜਕਾ ਐਸ. ਐਸ. ਮਨਧੀਰ ਵੀ ਆ ਗਿਆ, ਫਿਰ ਤਾਂ ਜਿਵੇਂ ਪ੍ਰਸੰਨਤਾ ਨੂੰ ਆਖਰ ਹੀ ਆ ਗਈ। ਚਾਰ ਸਾਲ ਦੇ ਵਕਫੇ ਬਾਅਦ ਕਿਤੇ ਇਕ ਦੂਜੇ ਨੂੰ ਮਿਲੇ ਸਾਂ। ਹੋਰ ਦੁਪਹਿਰਾਂ ਨੂੰ ਅਮਰ-ਭਾਰਤੀ ਜੀ ਵੀ ਏਥੇ ਪਹੁੰਚ ਗਏ। ਇਕ ਵਾਰ ਫਿਰ, ਲਾਇਲਪੁਰ ਵਿਚ ਸਾਡਾ ਸਮੂਹਕ ਰਹਿਣ-ਸਹਿਣ ਚੇਤੇ ਆ ਗਿਆ :

ਸੰਤ ਅਵਤਾਰ ਸਿੰਘ (ਅਜ ਕਲ ਨਾਮਧਾਰੀ ਪ੍ਰਿੰਟਿੰਗ ਵਰਕਸ, ਸਦਰ ਬਾਜ਼ਾਰ ਦਿੱਲੀ) ਹੁਰਾਂ ਨੂੰ ਫੋਨ ਤੇ ਪੁਛਿਆ ਕਿ ਕਦੋਂ ਆਵਾਂ ਤਸਵੀਰਾਂ ਦੇ ਪਰੂਫ ਵੇਖਣ ? ਉਨ੍ਹਾਂ ਕੱਲ੍ਹ ਤੇ ਪਾ ਦਿਤੀ।

ਲਉਦੇ ਵੇਲੇ ਮੈਂ ਭਾਰਤੀ ਹੁਰਾਂ ਨਾਲ ਹੀ ਉਹਨਾਂ ਦੇ ਘਰ ਆ ਗਿਆ ਤੇ ਪਹਿਰ ਰਾਤ ਗਈ ਤਕ ਸਾਡੀਆਂ ਗੱਲਾਂ ਨਾ ਮੁਕੀਆਂ।

ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਰਾਤ ਪਏ। ਸ੍ਰ. ਸੁਚਾ ਸਿੰਘ ਸੇਖੀ ਦੇ ਆ ਗਏ। ਸਵੇਰੇ ਆਪ ਨੇ ਗਾਂਧੀ ਨਗਰ ਪਹੁੰਚ ਗੁਰਬਖਸ਼ ਸਿੰਘ ਹੁਰਾਂ ਦੇ ਘਰ ਆਸਾ ਦੀ ਵਾਰ ਵਿਚ ਦਰਸ਼ਨ ਦੇਣੇ ਹਨ।

**੧੭ ਮਾਰਚ ੧੯੬੨**

**ਦਿੱਲੀ**

ਭਾਰਤੀ ਜੀ ਦੇ ਘਰੋਂ ਤਿਆਰ ਹੋ ਰਾਕੇਸ਼ ਪ੍ਰੈਸ ਵਿਚ ਸੰਤ ਅਵਤਾਰ ਸਿੰਘ ਜੀ ਤੋਂ ਕੰਮ ਦੀ ਸਥਿਤੀ ਸਮਝੀ। ਅਵਤਾਰ ਸਿੰਘ ਜੀ ਨੇ ਮੈਨੂੰ ਦਿੱਲੀ ਵਿਚ ਉਚੇਰਿਆ ਬੁਲਾਇਆ ਸੀ — ਪਰ ਤਸਵੀਰਾਂ ਤਾਂ ਅਜੇ ਵੀ ਤਿਆਰ ਨਹੀਂ ਹੋਈਆਂ ਸਨ। ਮੁਸੱਵਰ ਵਰਿਆਮ ਸਿੰਘ ਜੀ ਨੂੰ ਵੀ ਇਕ ਤਸਵੀਰ ਰੰਗ ਕਰਨ ਦੇਣੀ ਸੀ। ਇਹਨਾਂ ਨੂੰ ਵੀ ਮਿਲਿਆ।

ਅਜ ਕਲ ਏਥੇ ਲਾਜਪਤ ਰਾਇ ਮਾਰਕਿਟ ਨਵੇਂ ਸਿਰਿਓਂ ਤਿਆਰ ਹੋ ਰਹੀ ਹੈ, ਲਾਲ ਕਿਲੇ ਦੇ ਸਾਹਮਣੇ ਕਰਕੇ ਕੁਝ ਹਿਸਾ ਬਨ ਕੇ ਤਿਆਰ ਹੋ ਗਿਆ ਹੈ।

**ਸ੍ਰ. ਕਰਤਾਰ ਸਿੰਘ**

ਸ੍ਰ. ਗੋਪਾਲ ਸਿੰਘ ਨਇਆ ਬਜ਼ਾਰ ਵਿਚ ਮਿੰਟਗੁਮਰੀ ਟ੍ਰਾਂਸਪੋਰਟ ਦੇ ਦਫਤਰ ਵਿਚ ਮਿਲੇ। ਉਸ ਨਾਲ ਸ੍ਰ. ਕਰਤਾਰ ਸਿੰਘ (ਮੋਟੇ) ਦੇ ਦੇਹਾਂਤ ਬਾਬਤ ਅਫਸੋਸ ਕੀਤਾ। ਉਸ ਨੇ ਕਾਰੋਬਾਰ ਵਿਚ ਕਰਤਾਰ ਸਿੰਘ ਜੀ ਦੇ ਪ੍ਰਤਾਪ ਅਤੇ ਉਨ੍ਹਾਂ ਦੀ ਦੇਸ਼ ਭਗਤੀ ਦੀ ਭਾਵਨਾ ਦਾ ਬੜੇ ਦਿਲ ਨਾਲ ਜ਼ਿਕਰ ਕੀਤਾ। ਗੋਪਾਲ ਸਿੰਘ ਨੇ ਦਸਿਆ ਕਿ ਸ੍ਰੀ ਕਰਤਾਰ ਸਿੰਘ ਦੀ ਦ੍ਰਿੜ ਧਾਰਨਾ ਸੀ ਕਿ ਉਹ ੨੫ ਸਾਲ ਹੋਰ ਜੀਵੇਗਾ ਪਰ ਉਸਦੇ ਪੇਟ ਅੰਦਰ ਪੈਦਾ ਹੋਏ ਫੋੜੇ ਨੂੰ ਦਿੱਲੀ ਦਾ ਵੱਡੇ ਤੋਂ ਵੱਡਾ ਡਾਕਟਰ ਵੀ ਜਾਣ ਨ ਸਕਿਆ। ਗਲਤ ਇਲਾਜ ਹੁੰਦਾ ਰਿਹਾ ਅਤੇ ਉਸਦੀ ਮੌਤ ਹੋ ਗਈ।

**ਸੁਚਾ ਸਿੰਘ ਦੇ ਘਰ**

ਸ੍ਰ. ਸੁੱਚਾ ਸਿੰਘ ਦੇ ਘਰ ਗਿਆ ਗੁਰ-ਦਰਸ਼ਨਾਂ ਨੂੰ ਤਾਂ ਉਥੇ ਸੇਠ ਸੁਹੇਲ ਸਿੰਘ ਧੀਰ ਬੈਂਕਾਕ ਦਾ ਲੜਕਾ ਮਨਮੋਹਨ ਸਿੰਘ ਮਿਲਿਆ। ਸੇਠ ਨਰਾਇਣ ਸਿੰਘ ਦਾ ਲੜਕਾ ਜਗਤਾਰ ਸਿੰਘ ਵੀ ਦਰਸ਼ਨ ਕਰਨ ਆਇਆ ਹੋਇਆ ਸੀ। ਮੇਰੇ ਜਾਂਦਿਆਂ ਨੂੰ ਸਤਿਗੁਰੂ ਜੀ ਟੱਬ


Sri Satguru Jagjit Singh Ji Elibrary NamdhariElibrary@gmail com

ਇਸ਼ਨਾਨ ਕਰ ਰਹੇ ਸਨ। ਇਸ਼ਨਾਨ ਬਾਅਦ ਮੈਨੂੰ ਮਿਲਣ ਦਾ ਸਮਾਂ ਦਿਤਾ ਗਿਆ।

ਮੇਰੇ ਇਹ ਕਹਿਣ ਤੇ ਕਿ ਅੱਜ ਸ਼ਾਮ ਦੇ ਦੀਵਾਨ ਵਿਚ ਸੁਭਾਸ਼ ਨਗਰ ਹੀ ਪਹੁੰਚਾਂਗਾ। ਸਤਿਗੁਰਾਂ ਫੁਰਮਾਇਆ : ਤੂੰ ਦੀਵਾਨ ਵਿਚ ਨਹੀਂ ਆਉਣਾ। ਕਮਿਊਨਿਸਟ ਪਾਰਟੀ ਦੇ ਦਫ਼ਤਰੋਂ ਪਤਾ ਕਰਕੇ ਕਾ. ਹਰਕਿਸ਼ਨ ਸਿੰਘ ਸੁਰਜੀਤ ਨੂੰ ਸੁਨੇਹਾ ਭੇਜ ਜਾਂ ਟੈਲੀਫੋਨ ਕਰ ਕਿ ਉਹ ੨੧ ਸਵੇਰ ਤਕ ਦਿੱਲੀ ਜਾਂ ੨੪ ਮਾਰਚ ਨੂੰ ਬਾਜਾਖਾਨਾ (ਬਠਿੰਡਾ) ਹੋਲੇ ਵਿਖੇ ਆਵੇ। ਮੈਂ ਉਸਨੂੰ ਮਿਲਣਾ ਚਾਹੁੰਦਾ ਹਾਂ। ਪਹਿਲੀਆਂ ਕੋਸ਼ਿਸ਼ਾਂ ਨਾਕਾਮ ਰਹੀਆਂ ਹਨ, ਹੁਣ ਉਹ ਜ਼ਰੂਰ ਮਿਲੇ।

ਆਗਿਆ ਅਨੁਸਾਰ, ਡਾ. ਧਿਆਨ ਸਿੰਘ ਨੂੰ ਨਾਲ ਲੈ ਕੇ ਮੈਂ ਕਮਿਊਨਿਸਟ ਪਾਰਟੀ ਦੇ ਦਫ਼ਤਰ ਗਿਆ ਜਿਥੋਂ ਪਤਾ ਲਗਾ ਕਿ ਕਾਮਰੇਡ ਸੁਰਜੀਤ ਜਲੰਧਰ ਹੈ ਤੇ ੨੩ ਮਾਰਚ ਤੇ ਉਹ ਦਿੱਲੀ ਆਵੇਗਾ।

ਡਾ. ਧਿਆਨ ਸਿੰਘ ਨੇ ਚਲਦੇ ਚਲਾਦਿਆਂ ਜ਼ਿਕਰ ਕੀਤਾ ਕਿ ਸਤਿਗੁਰੂ ਜੀ ਨੂੰ ਬੇਨਤੀ ਕਰੀਏ ਕਿ ਉਹ ਸਾਨੂੰ (ਡਾਕਟਰ ਤੇ ਮੈਨੂੰ) ਲੁਧਿਆਣੇ ਵਿਚ ਚੇਲੇਵਾਲ ਵਾਲੀ ਜ਼ਮੀਨ ਵਿਚ ਦੋ ਪਲਾਟ ਦੇਣ ਤਾਕਿ ਅਸੀਂ ਵੀ ਸ਼ਹਿਰੀ ਜੀਵਨ ਅਪਣਾ ਲਈਏ।

ਸਤਿਗੁਰੂ ਜੀ ਦੀ ਇੰਤਜ਼ਾਰ ਰਾਤੀਂ ੯-੩੦ ਵਜੇ ਤਕ ਕੀਤੀ ਪਰ ਉਹ ਨਹੀਂ ਮਿਲੇ ਸੋ ਰਾਤ ਬਿਤਾਣ ਲਈ ਭਾਰਤੀ ਦੇ ਘਰ ਜਾ ਰਿਹਾ, ਜਿਥੇ ਭੁਲਦੇ ਭੁਲਾਂਦੇ ਮਸਾਂ ਰਾਤੀ ੧੧ ਵਜੇ ਪਹੁੰਚਿਆ ਗਿਆ।

## ੧੯ ਮਾਰਚ ੧੯੬੨

## ਦਿਲੀ

ਸਵੇਰੇ ਭਾਰਤੀ ਭਵਨ ਵਿਚੋਂ ਛਕ ਛਕਾ ਅਗਲੇ ਪ੍ਰੋਗਰਾਮ ਲਈ ਚਲਣ ਹੀ ਲਗਾ ਸਾਂ ਕਿ ਭਾਰਤੀ-ਪਿਤਾ ਸੰਤ ਮਿਲਖਾ ਸਿੰਘ ਜੀ ਤੇ ਉਨ੍ਹਾਂ ਦੀ ਪੁਤਰੀ ਬੀਬੀ ਪਾਰੋ ਆ ਪਹੁੰਚੇ। ਸਭਨਾਂ ਨੂੰ ਇਸ ਅਚਾਨਕ ਮਿਲਣੀ ਤੇ ਪਰਸੰਨਤਾ ਹੋਈ। ਰਾਰ ਦੇ ਮਨਧੀਰ ਤੇ ਭਾਰਤੀ ਹੁਰਾਂ ਦੀ ਭੈਣ ਪਿਆਰੀ ਵੀ ਏਥੇ ਹੀ ਸਨ। ਚੰਗਾ ਮੇਲਾ ਹੋ ਗਿਆ। ਸੰਤ ਮੰਗਲ ਸਿੰਘ ਨਾਲ ਸਬੰਧਤ ਸਾਰਾ ਪਰਵਾਰ ਹੀ ਮੇਰੇ ਨਾਲ ਇੰਜ ਹਿਤ ਸਨੇਹ ਰਖਦਾ ਹੈ ਕਿ ਆਪਣਾ ਪਰਵਾਰ ਹੀ ਲਗਦਾ ਹੈ।

ਸਾਰੇ ਕੰਮ ਮੁਕਾ ਕੇ ਰਾਤੀ ੯-੩੦ ਵਜੇ ਦਿੱਲੀ ਨੂੰ ਤਿਆਗ ਜੀਵਨ ਨਗਰ ਵਾਸਤੇ ਰੇਲ ਫੜ ਲਈ। ਪਰ ਏਥੇ ਬੇ-ਆਰਾਮੀ ਦਾ ਹੀ ਵਾਤਾਵਰਣ ਸੀ।

## ੨੨ ਮਾਰਚ ੧੯੬੨

## ਬਾਜਾ ਖਾਨਾ

[illegible]

੧੯ ਮਾਰਚ ਨੂੰ ਜੀਵਨ ਨਗਰ ਪਹੁੰਚ, ੨੦ ਨੂੰ ਪਿੰਡ ਪੰਜਾਵੇ ਆ ਗਿਆ। ੨੧ ਨੂੰ ਘੜ ਠਹਿਰ ਸਵੇਰੇ ੭-੧੫ ਬਸ ਦੁਆਰਾ ਬਾਜਾ ਖਾਨਾ ਪਿੰਡ ਵਿਚ ਪਹੁੰਚ ਗਿਆ। ਏਥੇ ਨਾਮਧਾਰੀ ਸੰਗਤਾਂ ਦਾ ਹੋਲੇ ਦਾ ਮੇਲਾ ਹੈ। ਕੱਲ ਨੂੰ ਉਸਦਾ ਪਹਿਲਾ ਦਿਨ ਹੋਵੇਗਾ। ਅੱਜ ਸੰਗਤ ਥੋੜੀ ਹੀ ਸੀ। ਆਸਾ ਦੀ ਵਾਰ ਦਾ ਕੀਰਤਨ ਜਾਰੀ ਸੀ। ਮੈਂ ਸਤਿਗੁਰੂ ਜੀ ਨੂੰ ਜਾ ਨਮਸਕਾਰ ਕੀਤੀ, ਪਰ ਕੋਈ ਸੁਆਦ ਨ ਆਇਆ। ਉਹਨਾਂ ਦਾ ਧਿਆਨ ਹੋਰਦੇ ਸੀ। ਮੈਨੂੰ 'ਬਿੰਦ ਕੁ ਨਜ਼ਰ ਝਾਕ' ਦੀ ਲੋੜ ਸੀ।

ਸੰਗਤ ਵਿਚ ਬੈਠਿਆਂ ਹੀ ਜਦ ਸਤਿਗੁਰਾਂ ਦੇ ਨੇਤਰ ਮੇਰੇ ਨਾਲ ਮਿਲੇ। ਮੇਰੀਆਂ ਅੱਖਾਂ ਵਿਚਦੀ ਜਿਵੇਂ ਸੁਖ ਜਿਹਾ ਅੰਦਰ ਲੰਘ ਗਿਆ ਤੇ ਮੇਰੇ ਹਿਰਦੇ ਵਿਚ ਜਾ ਟਿਕਿਆ। ਪੰਡਿਤ ਗੋਪਾਲ ਸਿੰਘ ਹੁਰਾਂ ਵੀ ਮੇਰੇ ਵੱਲ ਤਕਿਆ। ਦੋਵੇਂ ਹੀ ਕਹਿਣ ਲਗੇ : ਸਾਨੂੰ ਪਤਾ ਈ ਨਹੀਂ ਕਿ ਕਵੀ ਹੁਰੀਂ ਵੀ ਆਏ ਹੋਏ ਨੇ। ਅਸੀਂ ਤਾਂ ਉਡੀਕਦੇ ਪਏ ਸਾਂ। ਗੱਲ ਤਾਂ ਏਨੀ ਕੁ ਹੀ ਸੀ ਪਰ ਪਿਆਰ ਦੀ ਕਿਤਾਬ ਵਿਚ ਇਹਨਾਂ ਦਾ ਵਿਸਥਾਰ ਬਹੁਤੇ ਪੱਤਰਿਆਂ ਵਿਚ ਹੋ ਜਾਂਦਾ ਹੈ।

ਬਾਜਾਖਾਨਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹੁਰਿਆਂ ਦਾ ਪਿੰਡ ਹੈ। ਬਠਿੰਡਾ—ਕੋਟਕਪੂਰਾ ਤੇ ਬਰਨਾਲਾ—ਜੈਤੋ ਰੋਡ ਦੇ ਮਧਾਣੀ ਜੋੜ ਤੇ ਜੈਤੋ ਵਾਲੀ ਸਾਈਡ ਤੇ ਚੜਦੇ ਪਾਸੇ ਸਥਿਤ ਹੈ। ਤਕੜਾ ਵਡਾ ਪਿੰਡ ਹੈ। ਮਹਾਰਾਜ ਬੀਰ ਸਿੰਘ ਜੀ ਦੇ ਘਰੋਂ ਬੇਬੇ ਦਲੀਪ ਕੌਰ ਜੀ ਦੇ ਏਥੇ ਨਾਨਕੇ ਹਨ। ੪੦ ੫੦ ਹਜ਼ਾਰ ਰੁਪੈ ਦਾ ਖਰਚ ਕਰਕੇ ਹੋਲਾ ਕਰਵਾਣ ਵਾਲੇ ਭਾਈ ਸੰਤ ਸਿੰਘ, ਨਿਧਾਨ ਸਿੰਘ ਤੇ ਬਸੰਤ ਸਿੰਘ, ਬੇਬੇ ਜੀ ਦੇ ਨਾਨਕੇ ਹਨ। ਮਾਤਾ ਚੰਦ ਕੌਰ ਜੀ, ਜਿਨਾਂ ਨੂੰ ਅਜੇ ਬੇਬੇ ਜੀ ਵਡੇ ਹੀ ਕਿਹਾ ਜਾਂਦਾ ਹੈ, ਏਥੋਂ ਪੇਕੇ ਆਈਆਂ ਕੁੜੀਆਂ ਵਾਂਗ ਹੀ ਹੱਟੀ ਤੇ ਲਗੇ, ਚੀਜ਼ਾਂ ਵਸਤਾਂ



Sri Satguru Jagjit Singh Ji Elibrary NamdhariElibrary@gmail com

ਵੰਡ ਤੇ ਦੂਧ ਵਰਤਾਂ ਰਹੇ ਹਨ।

**ਦਰਬਾਰ**

ਅੱਜ ੧੦ ਤੋਂ ੧੨ ਵਜੇ ਤਕ ਨਾਮਧਾਰੀ ਦਰਬਾਰ ਦੀ ਮੀਟਿੰਗ ਹੋਈ ਜਿਸ ਵਿਚ ਸਤਿਗੁਰੂ ਜੀ ਨੇ ਆਪ ਦਰਸ਼ਨ ਦੇ ਕੇ ਜੀਵਨ ਨਗਰ ਵਿਚ ਛੇੜੀ ਗਈ ਸੁਧਾਰ ਮੁਹਿੰਮ ਬਾਰੇ ਜਾਣਕਾਰੀ ਦਿਤੀ। ਉਹਨਾਂ ਦਰਬਾਰ ਵਿਚ ਜੁੜੇ ਮੈਂਬਰਾਂ ਨੂੰ ਵੀ ਇਸ ਮੁਹਿੰਮ ਵਿਚ ਸ਼ਾਮਲ ਹੋਣ ਲਈ ਪਰੇਰਿਆ। ਅੱਜ ਦੇ ਇਸ ਸਮਾਗਮ ਵਿਚ ਅਲਜੇਰੀਆ ਦੀ ਆਜ਼ਾਦੀ ਬਾਰੇ, ਨਿਸ਼ਸਤਰੀ ਕਰਨ ਬਾਰੇ ਅਤੇ ਗੋਬਧਬੰਦੀ ਮਸਲਿਆਂ ਤੇ ਵਿਚਾਰ ਏਜੰਡੇ ਉਤੇ ਸਨ।

ਵਿਆਹਾਂ ਤੋਂ ਪਹਿਲਾਂ ਛੁਹਾਰੇ ਦੀ ਰਸਮ ਨੂੰ ਦਰਬਾਰ ਵਿਚ ਜੁੜੇ ਬਹੁਤੇ ਨਾਮਧਾਰੀਆਂ ਨੇ ਨਿੰਦਿਆ। ਸਤਿਗੁਰੂ ਜੀ ਨੇ ਫੈਸਲਾ ਦਿਤਾ ਕਿ ਯੋਗ ਉਮਰ ਤੇ ਮੁੰਡੇ ਕੁੜੀ ਦੇ ਮਾਪੇ ਪਰਸਪਰ ਰਜ਼ਾਮੰਦ ਹੋ ਕੇ ਵਿਆਹ ਦੀਆਂ ਤਾਰੀਖਾਂ ਮਿਥਣ। ਪੰ. ਗੋਪਾਲ ਸਿੰਘ ਹੁਰਾਂ ਇਸ ਮੌਕੇ ਤੇ ਅਰਦਾਸਾ ਕਰਨਾ ਜ਼ਰੂਰੀ ਦਸਿਆ। ਮਾ. ਦੁਆਰਕਾ ਸਿੰਘ ਨੇ ਨਾਲ ਕੜਾਹ ਪ੍ਰਸ਼ਾਦ ਕਰਨ ਦੀ ਲੋੜ ਦਸੀ। ਪ੍ਰੰਤੂ ਸਤਿਗੁਰੂ ਜੀ ਨੇ ਝਟ ਕੇ ਆਖਿਆ: ਅਰਦਾਸ ਕਰਨ ਦੀ ਆਗਿਆ ਵੀ ਨਹੀਂ ਦਿਤੀ ਜਾ ਸਕਦੀ। ਏਥੋਂ ਹੀ ਰਸਮ ਬਣਨ ਦੀ ਸ਼ੁਰੂਆਤ ਹੁੰਦੀ ਹੈ। ਅਸੀਂ ਮੰਗਣੇ ਨੂੰ ਰਸਮ ਨਹੀਂ ਰਹਿਣ ਦੇਣਾ।

ਸਤਿਗੁਰੂ ਜੀ ਨੇ ਘਰਾਂ ਵਿਚ ਟੰਗੇ ਜਾਂਦੇ ਆਮ ਕਿਸਮ ਦੇ ਕੈਲੰਡਰਾਂ ਜਿਸ ਵਿਚ ਨੀਲੇ ਪੀਲੇ ਦੀ ਵਿਚਾਰ ਕੀਤੇ ਬਿਨਾ ਗੁਰੂਆਂ ਦੁਆਲੇ ਰੰਗ ਥੱਪੇ ਹੁੰਦੇ ਹਨ, ਨੰਗੀਆਂ ਤੇ ਨੰਗੀ ਕਿਸਮ ਦੀਆਂ ਤਸਵੀਰਾਂ ਜੁ ਅਖਬਾਰਾਂ ਦੀ ਵਿਕਰੀ ਲਈ, ਪੰਜਾਬੀ, ਹਿੰਦੀ, ਉਰਦੂ ਅਖਬਾਰਾਂ ਵਾਲੇ ਛਾਪਦੇ ਤੇ ਕਲੰਡਰਾਂ ਦੁਆਰਾ ਘਰੀਂ ਪਹੁੰਚਦੀਆਂ ਹਨ ਦੀ ਵੀ ਨਿਖੇਧੀ ਕੀਤੀ। ਨਾਮਧਾਰੀਆਂ ਨੂੰ ਅਜਿਹੀਆਂ ਤਸਵੀਰਾਂ ਨੂੰ ਆਪਣੇ ਘਰਾਂ ਦਾ ਸ਼ਿੰਗਾਰ ਬਣਨੋਂ ਰੋਕਣ ਤੇ ਜ਼ੋਰ ਦਿਤਾ। ਇਸ ਮੌਕੇ ਆਪ ਨੇ ਪਾਸ ਰਖੀ ਹੋਈ ਵਲੇਟੀ ਹੋਈ ਇਕ ਕਲੰਡਰੀ ਤਸਵੀਰ, ਜੋ ਵੇਖਣ ਨੂੰ ਸ਼ਿਵ-ਪਾਰਵਤੀ ਦੀ ਜੋੜੀ ਲਗਦੀ ਸੀ ਪਰ ਜੋ ਪਰਸਪਰ ਚੁੰਮਣ ਦੀ ਅਵਸਥਾ ਵਿਚ ਸਨ, ਵਖਾਈ ਕਿ ਬਿਰਤੀਆਂ ਉਚਾਟ ਕਰਨ ਲਈ ਵਿਕਰੀ ਦੇ ਲੋੜਵੰਦ ਕੀ ਕੁਝ ਨਹੀਂ ਕਰਦੇ। ਇਹ ਤਸਵੀਰ ਦਿੱਲੀਓਂ ਕਿਸੇ ਸਿੰਘ ਦੇ ਘਰੋਂ ਉਤਰਵਾ ਕੇ ਲਿਆਏ ਸਨ।

੧੨-੩੦ ਦੁਪਹਿਰੇ ਦਰਬਾਰ ਦੀ ਕਾਰਵਾਈ ਖਤਮ ਹੋਈ ਅਤੇ ਦੀਵਾਨ ਵਿਚ ਪੇਸ਼ ਕਰਨ ਲਈ ਮਤੇ ਮੇਰੇ ਦੁਆਰਾ ਹੀ ਤਿਆਰ ਕਰਵਾਏ ਗਏ।

**ਮਿੱਤਰ ਮਿਲਣ**

ਮਾਲੂਮ ਹੋਇਆ ਹੈ ਕਿ ਸੰਤ ਮੰਗਲ ਸਿੰਘ ਲਾਇਲਪੁਰੀ, ਅਮਰ ਭਾਰਤੀ ਅਤੇ ਮਨਧੀਰ ਆਦਿ ਦਿੱਲੀਓਂ ਆਏ ਮੈਨੂੰ ਤਲਾਸ਼ਦੇ ਫਿਰਦੇ ਹਨ। ਜਾ ਲੱਭਾ। ਪੁਰਾਣੇ ਮਿਤਰਾਂ ਨੂੰ ਮਿਲਕੇ ਪ੍ਰਸੰਨਤਾ ਹੋਈ।

ਸੈਂਕੜੇ ਆਦਮੀ ਹਰ ਘੰਟੇ, ਹੋਲੇ ਵਿਚ ਸ਼ਾਮਲ ਹੋਣ ਲਈ, ਆ ਰਹੇ ਹਨ। ਮੈਂ ਆਪਣੇ ਅਨੇਕਾਂ ਵਾਕਫਾਂ ਨੂੰ ਇਕ ਇਕ ਮਿੰਟ ਵਿਚ ਫਤਹਿ ਫਤੂਹੀ ਕਰ, ਦੁਖ ਸੁਖ ਸੁਣ ਦਸ, ਜ਼ਿਮੇਵਾਰੀਆਂ ਲਈ ਭੱਜ ਨੱਸ ਕਰ ਰਿਹਾ ਹਾਂ।

ਸ਼ਾਮ ਦੇ ਦੀਵਾਨ ਵਿਚ ਤਕਰੀਰਾਂ ਸ਼ੁਰੂ ਹੋਈਆਂ ਤਾਂ ਆਰੰਭ ਮੈਥੋਂ ਹੀ ਕੀਤਾ ਗਿਆ। ਹੋਲੇ ਦਾ ਇਤਿਹਾਸ, ਅਤੇ ਹੁਣ ਇਸ ਨੂੰ ਪੂਰਬੀ ਸਭਿਅਤਾ ਬਹਾਲ ਰਖਣ ਦੇ ਸੰਘਰਸ਼ ਦੇ ਤੌਰ ਤੇ ਮਨਾਏ ਜਾਣ ਲਈ ਮੈਂ ੧੫ ਮਿੰਟ ਬੋਲਿਆ। ਬਾਅਦ ਵਿਚ ਮਨਧੀਰ, ਮਾ: ਅਜੀਤ ਸਿੰਘ ਚੀਮਾ, ਸੰਤ ਮੰਗਲ ਸਿੰਘ, ਮਾਸਟਰ ਨਿਹਾਲ ਸਿੰਘ ਆਦਿ ਨੇ ਆਪਣੇ ਆਪਣੇ ਵਿਚਾਰ ਪਰਗਟ ਕੀਤੇ।

**੨੩ ਮਾਰਚ ੧੯੬੨**
**ਸ਼ਫ਼ਾਖਾਨਾ ਹੋਲਾ**

ਅੰਮ੍ਰਿਤ ਵੇਲੇ ੪ ਵਜੇ ਤੋਂ ਇਸ਼ਨਾਨ ਪਾਣੀ ਕਰਕੇ ਨਾਮਧਾਰੀ ਸਿੰਘ ਆਸਾ ਦੀ ਵਾਰ ਸੁਣਨ ਤੇ ਪੜ੍ਹਨ ਲਈ ਆ ਜੁੜੇ। ਸਤਿਗੁਰੂ ਜਗਜੀਤ ਸਿੰਘ ਜੀ ਦੁਆਲੇ ਵਧੀਆ ਸਿੰਘਾਂ ਦਾ ਘੇਰਾ ਸਮਾਧੀਆਂ ਵਿਚ ਸੀ। ਅਤੇ ਉਹ ਵੀ ਸਨ ਜੁ ਹਜ਼ੂਰ ਨਾਲ ਆਸਾ ਦੀ ਵਾਰ ਦੇ ਗਾਇਨ ਵਿਚ ਸਹਿਯੋਗ ਦੇ ਰਹੇ ਸਨ।

ਆਸਾ ਦੀ ਵਾਰ ਪਿਛੋਂ ਕੁਝ ਤਕਰੀਰਾਂ ਫੇਰ ਹੋਈਆਂ।

੧੦ ਤੋਂ ੧ ਵਜੇ ਤਕ ਨਾਮਧਾਰੀ ਦਰਬਾਰ ਦੀ ਇਕ ਹੋਰ ਮੀਟਿੰਗ ਹੋਈ ਜਿਸ ਵਿਚ ਬਾਬਾ ਜੰਗ ਸਿੰਘ ਜੀ



Sri Satguru Jagjit Singh Ji Elibrary NamdhariElibrary@gmail com

ਨੂੰ ਸਮਾਜ ਕੇਂਦਰ ਦੇ ਨਜ਼ਦੀਕ ਲਿਆਉਣ ਤੇ ਵਿਚਾਰਾਂ ਹੋ ਕੇ ਸ੍ਰ. ਜੰਗ ਸਿੰਘ ਰਾਜਾ ਜੰਗ (ਸਰਾਵਾਂ ਜਿ: ਫ਼ੀਰੋਜ਼ਪੁਰ, ਹੁਣੇ ਜਿ: ਫਰੀਦਕੋਟ), ਸ੍ਰ. ਸਾਹਿਬ ਸਿੰਘ ਮਾਨ ਕ੍ਰਿਪਾਲ ਪੱਟੀ, ਸੰਤ ਕਿਰਪਾਲ ਸਿੰਘ ਨਾਰਲੀ ਸ੍ਰੀ ਜੀਵਨ ਨਗਰ, ਸੰਤ ਗੁਰਦਿਆਲ ਸਿੰਘ (ਐਡੀਟਰ ਸਤਿਜੁਗ) ਸਰਸਾ ਅਤੇ ਇਕ ਹੋਰ ਸਰੀਰ ਨੂੰ ਰੁਪਾਣੇ ਭੇਜਿਆ ਗਿਆ ਦਰਬਾਰ ਨੇ ਮੇਰੇ ਲਿਖੇ ਮਤੇ ਸੁਣੇ ਤੇ ਪਰਵਾਨ ਕੀਤੇ।

ਅੱਜ ਹੀ ਸ੍ਰ. ਖੜਕ ਸਿੰਘ ਭਮਰਾ (ਕੰਪਾਲਾ) ਅਫਰੀਕਾ ਵਾਲਾ ਸਣੇ ਪਰਵਾਰ ਮੇਲੇ ਵਿਚ ਆਇਆ ਅਤੇ ਮੈਨੂੰ ਪਹਿਲੀ ਵੇਰ ਮਿਲਿਆ। ਮੇਰਾ ਕਲਮ ਦੋਸਤ ਹੈ। ਮੈਂ ਇਸ ਨੂੰ ਸਾਰਾ ਦਿਨ ਹੀ ਆਪਣੀਆਂ ਸਰਗਰਮੀਆਂ ਕਾਰਨ ਮਿਲ ਨਹੀਂ ਸਕਿਆ। ਹਾਂ ਦਰਬਾਰ ਦੀ ਮੀਟਿੰਗ ਵਿਚ ਬੈਠਿਆਂ ਫਤਹ ਫਤੂਹੀ ਜ਼ਰੂਰ ਹੋਈ।

ਦੋ ਵਜੇ ਦੇ ਕਰੀਬ ਮੇਰਾ ਸਕੂਲ ਸਾਥੀ ਪ੍ਰੀਤਮ ਸਿੰਘ ਪੰਛੀ, ਉਸਦੀ ਪਤਨੀ ਸ਼ਾਂਤਾ ਅਤੇ ਲੜਕਾ ਇਕ ਯੂ.ਪੀ. ਦੇ ਐਮ.ਐਲ.ਏ. ਸ੍ਰੀ ਛੇਬ ਰਾਮ ਜੀ ਸ਼ਾਸਤਰੀ ਨਾਲ ਆਏ, ਮਿਲੇ। ਨੌਜਵਾਨ ਲੇਖਕਾਂ ਤੇ ਕਵੀਆਂ ਦੀ ਮੀਟਿੰਗ ਚਲ ਰਹੀ ਸੀ। ਮਿੱਤਰਾਂ ਨੂੰ ਮਿਲਕੇ ਬੜਾ ਆਨੰਦ ਆਇਆ। ਸਾਡੀ ਇਸ ਗੱਲਾਂ ਵਿਚ ਗੀਤ ਸੰਗੀਤ ਨਾਲ ਵੀ ਸਮਾਂ ਬਝਿਆ ਰਿਹਾ। ਸ਼ਾਂਤਾ ਪ੍ਰੀਤਮ ਸੁਹਣਾ ਤੇ ਖੁਲ੍ਹ ਕੇ ਗਾਉਂਦੀ ਹੈ। ਮੈਂ ਚਾਹਦਾ ਸਾਂ ਇਹਨਾਂ ਨਾਲ ਚੋਖਾ ਸਮਾਂ ਮਿਲ ਸਕਦਾ ਪਰ ਰੁਝੇਵਿਆਂ ਨੇ ਮੈਨੂੰ ਘੰਟਾ ਭਰ ਹੀ ਇਸ ਸੰਗਤ ਦਾ ਸੁਖ ਦਿਤਾ।

**੨੪ ਮਾਰਚ ੧੯੬੨**
**ਬਾਜਾਖਾਨਾ ਹੋਲਾ**

ਹੁਣ ਮੈਂ ਆਪਣੀ ਡਾਇਰੀ ਨਹੀਂ ਲਿਖ ਸਕਾਂਗਾ — ਮੇਲੇ ਦਾ ਜ਼ੋਰ ਹੈ। ਆਸਾ ਦੀ ਵਾਰ ਦਾ ਕੀਰਤਨ ਬੜਾ ਬਾਹਲਾ ਸੁਣ ਸਕਿਆ।

ਦੀਵਾਨ ਵਿਚ ਮੁਖ ਮੰਤਰੀ ਪੰਜਾਬ ਸ੍ਰ. ਪ੍ਰਤਾਪ ਸਿੰਘ ਕੈਰੋਂ ਅਤੇ ਆਬਪਾਸ਼ੀ ਮੰਤਰੀ ਗਿਆਨ ਸਿੰਘ ਰਾੜੇਵਾਲਾ ਵੀ ਪਹੁੰਚੇ।

**੨੬ ਮਾਰਚ ੧੯੬੨**

**ਜੀਵਨ ਨਗਰ**

ਸਵੇਰੇ ਸਵੇਰੇ ਇਸ਼ਨਾਨ ਪਾਣੀ ਕਰਕੇ ਕੋਠੀ ਪਹੁੰਚਾ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਬਹੁਤ ਸਾਰੇ ਲੋਕ ਆਸਾ ਦੀ ਵਾਰ ਦਾ ਕੀਰਤਨ ਅਨੰਦ ਮਾਣਦੇ ਵੇਖੇ।

ਅੱਜ ਹੀ ਮੇਰੇ ਮਿੱਤਰ ਦੇ ਵਡੇ ਸਪੁਤ੍ਰ ਸੇਠ ਸੁਦਰਸ਼ਨ ਸਿੰਘ ਨੇ ਆਪਣੇ ਕਾਕੇ ਸੁਖਦੇਵ ਸਿੰਘ ਦੀ ਚੌਥੀ ਸਾਲਗਿਰਹ ਤੇ ਸ੍ਰੀ ਜੀਵਨ ਨਗਰ ਵਿਖੇ ਜਲੇਬੀਆਂ ਦਾ ਲੰਗਰ ਕੀਤਾ। ਸੈਂਕੜੇ ਲੋਕ ਜਲੇਬੀਆਂ ਨਾਲ ਲੇਹੜੇ।

ਮੈਂ ਜਾਕੇ ਖੜਕ ਸਿੰਘ ਭਮਰਾ ਤੇ ਉਸਦੇ ਪਰਵਾਰ ਨੂੰ ਮਿਲਿਆ ਤਾਂ ਉਸਨੂੰ ਚਾਅ ਚੜ ਗਏ ਕਿ ਮੈਂ ਇਕਰਾਰ ਸਿਰ ਪਿੰਡੋਂ ਹੋਕੇ ਪਹੁੰਚ ਗਿਆ ਹਾਂ। ਸੁਦਰਸ਼ਨ ਸਿੰਘ ਸੇਠ ਨੂੰ ਖੁਸ਼ੀ ਹੋਈ ਕਿ ਉਸਦੇ ਜਲੇਬ ਲੰਗਰ ਵਿਚੋਂ ਮੈਂ ਵੀ ਮੂੰਹ ਮਿਠਾ ਕਰ ਸਕਾਂਗਾ।

ਤੁਰਦੇ ਵੇਲੇ ਸਤਿਗੁਰੂ ਜੀ ਨੂੰ ਮੈਂ ਨਾਮਧਾਰੀ ਸਾਹਿਤ ਪ੍ਰਕਾਸ਼ਨ ਬਾਰੇ ਆਪਣੇ ਵਿਚਾਰ ਦਸੇ ਤਾਂ ਆਪ ਵਲੋਂ 'ਇਸ ਨੂੰ' ਨੇਮ ਮਨਜ਼ੂਰੀ ਮਿਲ ਗਈ। ਆਪ ਨੇ ਕਿਹਾ : ਇਸ ਦਾ ਖਰੜਾ ਬਣਾਕੇ ਲਿਆਓ ਫਿਰ ਲੋੜੀ ਦੇ ਸੰਸੋਧਨਾਂ ਨਾਲ ਪਾਸ ਕਰ ਦਿਆਂਗੇ।

**੨੭ ਮਾਰਚ ੧੯੬੨**

**ਜੀਵਨ ਨਗਰ**

ਕੱਲ ਬਾਅਦ ਦੁਪਹਿਰੇ ਸੁਦਰਸ਼ਨ ਧਾਰਕ ਦਿਲੀ ਵਾਸਤੇ ਕਾਰ ਦੁਆਰਾ ਚਲਾ ਗਿਆ ਸੀ ਅੱਜ ਭਮਰਾ ਪਰਵਾਰ ਵੀ ਸਤਿਗੁਰੂ ਜੀ ਦੀ ਜੀਪ ਰਾਹੀਂ ਸਰਸੇ ਲਈ ਰਵਾਨਾ ਹੋ ਗਿਆ।

ਪਤਾ ਲਗਾ ਕਿ ਵੈਸਾਖੀ ਤੇ ਲਿਖਿਆ ਗਿਆ ਮਜ਼ਮੂਨ ਸਤਿਗੁਰੂ ਜੀ ਦੀ ਥਾਏਂ ਮਹਾਰਾਜ ਬੀਰ ਸਿੰਘ ਜੀ ਨੇ ਵੈਸਾਖੀ ਵਾਲੇ ਦਿਨ ਰੇਡੀਓ ਤੇ ਪੜ੍ਹਨਾ ਹੈ ਜੋ ਜਲੰਧਰ ਰੇਡੀਓ ਵਲੋਂ ਪਰਸਾਰਤ ਕੀਤਾ ਜਾਵੇਗਾ।

**੨੮ ਮਾਰਚ ੧੯੬੨**

ਮੈਂ ਆਪਣੇ ਮਕਾਨਾਂ ਦੀ ਤਿਆਰੀ ਬਾਰੇ ਫਿਰ ਪੰਜਾਵੇ ਆ ਗਿਆ।

**੫ ਅਪਰੈਲ ੧੯੬੨**

**ਜੀਵਨ ਨਗਰ**

ਅੱਜ ਮਹਾਰਾਜ ਬੀਰ ਸਿੰਘ ਜੀ ਦੀ ਜੀਵਨ ਨਗਰ



Sri Satguru Jagjit Singh Ji Elibrary NamdhariElibrary@gmail com

# ਬੀਤੇ ਦੀਆਂ ਪੈੜਾਂ



ਨਾਮਧਾਰੀ ਹੋਲਾ ਮਹੱਲਾ ਬਾਜਾ ਖਾਨਾ

੨੪ ਮਾਰਚ ੧੯੬੨ : ਦੀਵਾਨ ਵਿਚ ਪੰਜਾਬ ਦੇ ਤਦਵਕਤੀ ਮੁਖ ਮੰਤਰੀ ਸ: ਪ੍ਰਤਾਪ ਸਿੰਘ ਕੈਰੋਂ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਵਿਚਾਰ ਵਟਾਂਦਰਾ ਕਰ ਰਹੇ ਹਨ : ਪਿਛੇ ਮਹਾਰਾਜ ਬੀਰ ਸਿੰਘ ਜੀ ਬੈਠੇ ਹਨ ।



Sri Satguru Jagjit Singh Ji Elibrary NamdhariElibrary@gmail com

ਆਉਣ ਦੀ ਉਡੀਕ ਸੀ ਪਰ ਨਹੀਂ ਆਏ। ਉਹ ਵੀ ਸ੍ਰੀ ਸਤਿਗੁਰੂ ਜੀ ਨਾਲ ਹਰਿਦੁਆਰ ਚਲੇ ਗਏ।

**੧੨ ਅਪਰੈਲ ੧੯੬੨**
**ਫਗਵਾੜਾ**

ਮੈਂ ਵੈਸਾਖੀ ਅੰਮ੍ਰਿਤਸਰ ਵਿਖੇ ਪਹੁੰਚਣ ਲਈ ੧੧ ਅਪਰੈਲ ਸਵੇਰ ਦਾ ਮਹਾਰਾਜ ਬੀਰ ਸਿੰਘ ਜੀ ਨਾਲ ਕਾਰ ਤੇ ਸਫਰ ਕਰਦਾ, ਲੁਧਿਆਣਿਓਂ ਵੱਖ ਹੋ, ਸਹੁਰੇ ਪਿੰਡ ਕੰਗ ਅਰਾਈਆਂ ਰਾਤ ਕੱਟ, ਸਵੇਰੇ ਫਗਵਾੜੇ ਆਇਆ। ਏਥੇ ਸੰਤ ਪ੍ਰੀਤਮ ਸਿੰਘ-ਪੱਦੀ ਨਾਲ ਪਿਛਲੇ ਤੇ ਅਜੋਕੇ ਸਮੇਂ ਤੇ ਵਿਚਾਰ ਵਟਾਂਦਰਾ ਕੀਤਾ।

ਸੰਤ ਲਛਮਣ ਸਿੰਘ ਮਕੈਨਿਕ ਦੀ ਕੋਠੀ ਗਿਆ ਤਾਂ ਏਥੇ ਹੀ ਖੜਕ ਸਿੰਘ ਭਮਰਾ ਵਿਚ ਮਿਲ ਪਏ। ਉਹ ਏਥੋਂ ਨਾਲ ਹੀ ਆਪਣਾ ਨਵਾਂ ਮਕਾਨ ਤਾਮੀਰ ਕਰਵਾ ਰਹੇ ਹਨ। ਇਹ ਜਗਹ ਮਾਡਲ ਟਾਊਨ ਹੈ। ਭਮਰਾ ਪਰਵਾਰ ਦੀ ਸੇਵਾ ਸਤਿਕਾਰ ਕਰਦਾ ਬਲਿਹਾਰ ਗਿਆ।

ਸ਼ਾਮੀਂ ੫ ਵਜੇ ਅੰਮ੍ਰਿਤਸਰ ਪੁਜਾ। ਸਤਿਗੁਰੂ ਜੀ ਅਜੇ ਨਹੀਂ ਆਏ।

ਸ਼ਾਮੀਂ ਦੀਵਾਨ ਵਿਚ ਸਤਿਗੁਰੂ ਜੀ ਦੇ ਦਰਸ਼ਨ ਹੋਏ।

ਰਾਤੀਂ ੮-੩੦ ਤੋਂ ੧੧-੧੫ ਤਕ ਨਾਮਧਾਰੀ ਦਰਬਾਰ ਦੀ ਮੀਟਿੰਗ ਹੋਈ। ਵਿਸ਼ਾ ਸੀ ਵਕਤ ਦੀ ਪਾਬੰਦੀ ਅਤੇ ਵੋਟਾਂ ਦਾ ਇਕਸਾਰ ਭੁਗਤਾਨ। ਇਕ ਸਮੇਂ ਸਤਿਗੁਰੂ ਜੀ ਨੇ ਵੀ ਨਾਮਧਾਰੀ ਦਰਬਾਰ ਦੀ ਮੀਟਿੰਗ ਵਿਚ ਦਰਸ਼ਨ ਦਿਤੇ ਅਤੇ 'ਏਕਤਾ ਵਿਚ ਬਲ' ਉਤੇ ਕੁਝ ਸ਼ਬਦ ਮੈਂਬਰਾਂ ਪ੍ਰਤੀ ਸੰਬੋਧਨ ਕੀਤੇ।

**੧੩ ਅਪਰੈਲ ੧੯੬੨**
**ਅੰਮ੍ਰਿਤਸਰ**

ਵੈਸਾਖੀ ਦਾ ਪਾਵਨ ਦਿਹਾੜਾ ਹੈ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਅਤੇ ਕੁਝ ਅਨੰਦ ਕਾਰਜ ਹੋਏ। ਨਾਮਧਾਰੀ ਧਰਮਸਾਲਾ ਵਿਚ ਸਤਿਗੁਰੂ ਜੀ ਦਾ ਪ੍ਰੋਗਰਾਮ ੧੧ ਵਜੇ ਤਕ ਹੀ ਰਿਹਾ। ਏਥੋਂ ਆਪ ਸਿਧੇ ਹੀ ਜੀਵਨ ਨਗਰ ਨੂੰ ਪ੍ਰਸਥਾਨ ਕਰ ਗਏ। ਆਪ ਜੀ ਦੇ ਨਿਜੀ ਸੇਵਕਾਂ ਤੋਂ ਛੁਟ ਬਾਬੂ ਬਚਨ ਸਿੰਘ ਐਸ. ਡੀ. ਓ. ਵੀ ਆਪ ਦੇ ਨਾਲ ਹੀ ਕਾਰ ਵਿਚ ਗਏ।

ਸਤਿਗੁਰੂ ਜੀ ਨੇ ਹਮੀਰ ਪੁਰ ਤਹਿਸੀਲ ਦੇ ਇਕ ਗਰੀਬ ਸਿਖ ਦੁਰਗਾ ਸਿੰਘ ਨੂੰ ਏਥੇ ਬੁਲਾਇਆ ਸੀ। ਉਸਦੇ ਸਿਰ ਤੇ ੮੫੦ ਰੁਪਏ ਕਰਜ਼ ਹੈ ਜੋ ਉਸਤੋਂ ਉਤਾਰਿਆ ਨਹੀਂ ਜਾ ਰਿਹਾ। ਸਤਿਗੁਰੂ ਉਸਨੂੰ ਨਿਰਕਰਜ਼ ਕਰਨਾ ਚਹੁੰਦੇ ਹਨ।

**੧੪ ਅਪਰੈਲ ੧੯੬੨**
**ਜੀਵਨ ਨਗਰ**

ਸਤਿਗੁਰੂ ਜੀ ਤਾਂ ਕਲ ਰਾਤ ਦੇ ਹੀ ਜੀਵਨ ਨਗਰ ਪਹੁੰਚ ਗਏ ਸਨ। ਅਸੀਂ ਅਜ ਸਵੇਰੇ ੯ ਵਜੇ ਹੀ ਪਹੁੰਚ ਸਕੇ।

**੧੫ ਅਪਰੈਲ ੧੯੬੨**
**ਜੀਵਨ ਨਗਰ**

ਅੱਜ ਮੇਰੇ ਸਕੂਲ-ਮਿੱਤਰ ਸੰਤ ਗੁਰਬਚਨ ਸਿੰਘ — ਅਮਰ ਕੌਰ ਢੇਹੀਆਂ ਵਾਲਿਆਂ ਦੇ ਘਰ ਆਸਾ ਦੀ ਵਾਰ ਦਾ ਦੀਵਾਨ ਅਤੇ ਅਖੰਡ ਪਾਠ ਦਾ ਭੋਗ ਸੀ। ਸ੍ਰੀ ਸਤਿਗੁਰੂ ਜੀ ਵੀ ਆਪਣੇ ਇਸ ਵਿਦਿਆਰਥੀ ਜੀਵਨ ਦੇ ਸਾਥੀ ਦੇ ਘਰ ਦਰਸ਼ਨ ਦੇ ਰਹੇ ਸਨ। ਏਥੇ, ਇਹਨਾਂ ਦੇ ਘਰ ਹੀ ਸ੍ਰ. ਭਗਤ ਸਿੰਘ ਸੰਤ ਨਗਰ ਦੇ ਲੜਕੇ ਬਲਦੇਵ ਸਿੰਘ ਅਤੇ ਸੰਤ ਰਣਜੋਧ ਸਿੰਘ ਬਾਜਵਾ ਦੀ ਭਤੀਜੀ ਪਰਮਜੀਤ ਦਾ ਅਨੰਦ ਕਾਰਜ ਹੋਇਆ। ਜੋੜਾ ਫਬਦਾ ਸੀ।

ਸੰਤ ਗੁਰਬਚਨ ਸਿੰਘ ਦੇ ਘਰ ੩ ਲੜਕੀਆਂ ਹਨ ਪਰ ਦੋ ਪੁਤਰਾਂ ਦੀ ਲੋੜ ਹੈ। ਉਨ੍ਹਾਂ ਦੇ ਅਖੰਡ ਪਾਠ ਸੁਖੇ ਹਨ। ਇਕ ਦਾ ਅੱਜ ਭੋਗ ਪਿਆ ਹੈ, ਹਜ਼ੂਰੀ ਵਿਚ ਦੂਜੇ ਦਾ ਆਰੰਭ ਹੋਇਆ ਹੈ। ਸਵੇਰੇ ਸਾਧ ਸੰਗਤ ਨੂੰ ਚੰਗੀ ਸਰਦਾਈ ਤੇ ਫਿਰ ਜਲੇਬੀਆਂ ਦਾ ਰਜਵਾਂ ਲੰਗਰ ਛਕਾਇਆ ਗਿਆ। ਦੋ ਪੀਪੇ ਦੇਸੀ ਘਿਓ ਨਾਲ ਰਾਤ ਉਤਰਨ ਤਕ ਜਲੇਬੀਆਂ ਪਕਦੀਆਂ ਰਹੀਆਂ।

ਹਨੇਰੀ ਝੁਲ ਪਈ। (ਚਲਦਾ)


Sri Satguru Jagjit Singh Ji Elibrary NamdhariElibrary@gmail com

# ਦੇਗ ਨਦੀ

—ਜਸਵੰਤ ਸਿੰਘ ਵਿਰਦੀ

ਪੰਜਾਬ ਦੀ ਧਰਤੀ ਆਪਣੇ ਪੰਜਾਂ ਦਰਿਆਵਾਂ ਕਰਕੇ ਪ੍ਰਸਿੱਧ ਹੈ। ਪਰ ਇਹ ਗੱਲ ਬਹੁਤ ਘੱਟ ਲੋਕ ਜਾਣਦੇ ਨੇ ਕਿ ਪੰਜਾਬ ਵਿਚ ਕੇਵਲ ਪੰਜ ਦਰਿਆ ਹੀ ਨਹੀਂ। ਇਸ ਦੀ ਧਰਤੀ ਤੇ ਖੂਨ ਦੀਆਂ ਨਾੜਾਂ ਵਾਂਗ ਅਨੇਕ ਛੋਟੇ ਵਡੇ ਦਰਿਆ ਵਗਦੇ ਨੇ। ਸਗੋਂ, ਹਰ ਸ਼ਹਿਰ ਦਾ ਆਪਣਾ ਇਕ ਦਰਿਆ ਹੈ। ਇਹ ਗੱਲ ਵਖਰੀ ਹੈ ਕਿ ਸਾਡੇ ਲੋਕ ਦਰਿਆਵਾਂ ਨੂੰ ਅਤੇ ਖਾਸ ਕਰਕੇ ਛੋਟੇ ਦਰਿਆਵਾਂ ਨੂੰ ਘਟ ਵਧ ਹੀ ਪਛਾਣਦੇ ਨੇ।

ਜਦੋਂ ਮੈਂ ਪੁਰਾਤਨ ਗਰੰਥਾਂ ਦਾ ਅਧਿਐਨ ਕਰ ਰਿਹਾ ਸਾਂ, ਤਾਂ ਵਾਰ-ਵਾਰ ਮੇਰੇ ਸਾਹਮਣੇ ਦੇਵਿਕਾ ਨਦੀ ਦੀ ਲਹਿਰ ਖਲੋ ਜਾਂਦੀ ਸੀ। ਪਹਿਲਾਂ ਮੈਂ ਪੰਜਾਬ ਦੇ ਨਕਸ਼ੇ ਵਿਚ ਅਤੇ ਫੇਰ ਧਰਤੀ ਉਪਰ ਦੇਵਿਕਾ ਦੀ ਧਾਰ ਨੂੰ ਵੇਖਦਾ ਤਾਂ ਮੈਨੂੰ ਮਹਿਸੂਸ ਹੁੰਦਾ ਕਿ ਇਹ ਨਦੀ ਵੀ ਇਕ ਸਮੇਂ ਕੋਈ ਜ਼ੋਰਦਾਰ ਤੇ ਸ਼ਕਤੀਸ਼ਾਲੀ ਕਿਸਮ ਦੀ ਜਲ-ਧਾਰ ਰਹੀ ਹੋਵੇਗੀ। ਜਿਸ ਨੂੰ ਅਲਬਰੂਨੀ ਨੇ ਆਪਣੇ ਗ੍ਰੰਥ 'ਅਲਹਿੰਦ' ਵਿਚ ਕਿਹਾ ਹੈ ਕਿ ਇਹ ਸੌਵੀਰਾ ਅਰਥਾਤ ਮੁਲਤਾਨ ਦੇਸ਼ ਦੇ ਨੇੜੇ ਵਗਦੀ ਸੀ।

ਸਮੇਂ ਦੇ ਬੀਤਣ ਨਾਲ ਦੇਵਿਕਾ ਨੇ ਆਪਣੇ ਸੋਮੇ ਨੂੰ ਵੀ ਕਾਫੀ ਹਦ ਸੁਕਾ ਲਿਆ ਅਤੇ ਲੋਕਾਂ ਨੇ ਉਸਦਾ ਨਾਂ ਵੀ ਦੇਵਿਕਾ ਤੋਂ ਦੇਗ ਅਤੇ ਖਾਲਸ ਲੋਕ ਮੁਹਾਵਰੇ ਵਿਚ ਡੇਕ ਕਰ ਦਿਤਾ ਹੈ।

ਦੇਗ ਦੇ ਦੁਆਲੇ ਵਸਣ ਵਾਲੇ ਬਹੁਤ ਸਾਰੇ ਲੋਕਾਂ ਨਾਲ ਜਦੋਂ ਮੈਂ ਇਸ ਦੇ ਸੁਭਾ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਨੇ ਹਸਕੇ ਕਿਹਾ:

'ਇਕ ਬਰਸਾਤੀ ਨਦੀ ਹੈ ਜੀ।...ਪਰ ਜਦੋਂ ਉਸਦੇ ਵਿਚ ਘਸਮੈਲਾ ਜਿਹਾ ਪਾਣੀ ਆਉਂਦੈ ਤਾਂ ਫਸਲਾਂ 'ਚ ਲਹਿਰ ਬਹਿਰ ਹੋ ਜਾਂਦੀ ਹੈ'।

'ਡੇਕ ਦੇ ਪਾਣੀ ਦਾ ਰੰਗ ਕਿਸ ਤਰ੍ਹਾਂ ਦਾ ਹੈ?

'ਘਸਮੈਲੇ ਰੰਗ ਦਾ...ਗਾਰ ਭਰਿਆ।'

'ਇਸ ਦਾ ਮਤਲਬ ਹੈ ਕਿ ਦੇਗ ਦਾ ਸੋਮਾ ਧੁਰ ਹਿਮਾਲਾ ਦੀਆਂ ਚੋਟੀਆਂ ਵਿਚ ਨਹੀਂ ਸਗੋਂ ਉਹ ਸ਼ਿਵਾਲਿਕ ਦੇ ਪਾਣੀ ਨਾਲ ਹੀ ਆਰੰਭ ਹੁੰਦਾ ਹੈ।

'ਬਸ ਜੀ, ਸਾਨੂੰ ਤਾਂ ਲਗਦੈ ਕਿ ਛਹਿਰ ਦੇ ਨੇੜਿਉਂ ਹੀ ਕਿਤਿਉਂ...,

ਇਸ ਦਾ ਕਾਰਣ ਸ਼ਾਇਦ ਇਹ ਹੋਵੇ ਕਿ ਇਸੇ ਦੇ ਪਾੜ ਵਿਚ ਅਚਾਨਕ ਹੀ ਪਾਣੀ ਭਰ ਜਾਂਦਾ ਹੈ, ਅਤੇ ਲੋਕਾਂ ਨੂੰ ਚਿਤ ਚੇਤੇ ਵੀ ਨਹੀਂ ਹੁੰਦਾ। ਸ਼ਿਵਾਲਿਕ ਦੀ ਕੁੱਠ ਤੋਂ ਲੈ ਕੇ ਰਾਵੀ ਨਾਲ ਉਸ ਦੇ ਸੰਗਮ ਸਥਾਨ ਤਕ, ਉਸ ਦੀ ਰੇਤ ਇਸੇ ਤਰ੍ਹਾਂ ਹੀ ਤੇਜ਼ੀ ਨਾਲ ਆਉਂਦੀ ਹੈ।

ਦੇਵਿਕਾ ਜਾਂ ਦੇਗ ਦਾ ਸੋਮਾ ਮੈਨਾਕਾ ਪਹਾੜੀ ਸਿਲਸਿਲੇ (ਸ਼ਿਵਾਲਿਕ) ਵਿਚੋਂ ਜੰਮੂ ਦੇ ਜ਼ਿਲੇ ਜੱਸਰੋਤਾ ਦੇ ਆਂਚਲ ਤੋਂ ਆਰੰਭ ਹੁੰਦਾ ਹੈ, ਪਰ ਇਨ੍ਹਾਂ ਪਹਾੜਾਂ ਤੇ ਕਿਉਂ ਕਿ ਬਰਫਾਂ ਨਹੀਂ ਪੈਂਦੀਆਂ, ਜਿਸ ਕਰਕੇ ਦੇਗ ਦਾ ਵਹਾਅ ਹੁਣ ਸਦਾ ਨੀਮ ਸੁਭਾ ਵਾਲਾ ਨਹੀਂ ਰਿਹਾ। ਬਰਸਾਤੀ ਦਿਨਾਂ ਦੇ ਇਲਾਵਾ ਉਸ ਵਿਚ ਸ਼ਾਇਦ ਹੀ ਕਿਤੇ


Sri Satguru Jagjit Singh Ji Elibrary NamdhariElibrary@gmail com

ਪਾਣੀ ਹੋਵੇ । ਪਰ ਫੇਰ ਵੀ ਉਸ ਦੀ ਧਾਰ ਆਪਣੇ ਪਾਣੀ ਨਾਲ ਕੁਝ ਚਿਰ ਵਿਚ ਹੀ ਲੋਕਾਂ ਲਈ ਜੋ ਕੁਝ ਕਰ ਜਾਂਦੀ ਹੈ, ਉਸ ਦੇ ਉਸ ਵਰਦਾਨ ਕਰਕੇ ਲੋਕ ਉਸ ਨੂੰ ਵਰ੍ਹੇ ਭਰ ਲਈ ਚੇਤੇ ਰਖਦੇ ਨੇ।

ਪਾਣਿਨੀ ਨੇ ਵੀ ਅਸ਼ਟ ਅਧਿਆਈ ਵਿਚ ਲਿਖਿਆ ਹੈ ਕਿ ਦੇਵਿਕਾ ਆਪਣੇ ਕਿਨਾਰਿਆਂ ਤੇ ਰੌਸਲੀ (ਰਿਜਸਵਲਾ ਜਾਂ ਬਰਸਾਤੀ) ਮਿੱਟੀ ਦੀ ਇਕ ਉਪਜਾਊ ਤਹਿ ਛੱਡ ਦਿੰਦੀ-ਹੈ ।

ਮੇਰੇ ਮਿਤਰ ਜਗਦੀਸ਼ ਸਿੰਘ ਨੇ ਦਸਿਆ ਕਿ ਦੇਗ ਦੇ ਦੁਆਲੇ ਵਾਲੇ ਇਲਾਕੇ ਵਿਚ ਜਿੰਨੇ ਵਧੀਆ ਬਾਸਪਤੀ ਚੌਲ ਪੈਦਾ ਹੁੰਦੇ ਨੇ ਹੋਰ ਕਿਤੇ ਨਹੀਂ । ਮੰਡੀ ਮੁਰੀਦਕੇ ਅਤੇ ਕਾਮੋਕੇ ਤੋਂ ਜਿਹੜੇ ਮਹਿਕਦੇ ਚੌਲ ਬਾਹਰ ਜਾਂਦੇ ਨੇ ਉਨ੍ਹਾਂ ਦਾ ਮੁਕਾਬਲਾ ਕਿਥੇ ?

'ਸਿਆਲ ਕੋਟ ਅਤੇ ਸ਼ੇਖੂਪੁਰਾ ਜ਼ਿਲੇ ਨੂੰ ਤਾਂ ਦੇਗ ਨੇ ਸਵਰਗ ਬਣਾ ਦਿਤਾ ਹੈ ।' ਜਗਦੀਸ਼ ਸਿੰਘ ਨੇ ਮੈਨੂੰ ਦਸਿਆ ।

... ... ......

ਪਿਛਲੇ ਦਿਨੀਂ ਜਦੋਂ ਮੈਂ 'ਉਨੀਵੀਂ ਸਦੀ ਦਾ ਪੰਜਾਬ' ਨਾਂ ਦੀ ਪੁਸਤਕ ਪੜ੍ਹ ਰਿਹਾ ਸਾਂ, ਤਾਂ ਸਿਆਲਕੋਟ ਸ਼ਹਿਰ ਦੇ ਬਿਆਨ ਵਿਚੋਂ ਡੇਕ ਨਦੀ ਦਾ ਰੂਪ ਪੂਰੀ ਤਰ੍ਹਾਂ ਸਾਕਾਰ ਹੋ ਗਿਆ ।

'ਸਿਆਲ ਕੋਟ ਨਗਰ ਦੇ ਹੇਠਾਂ ਵਲ ਇਕ ਨਦੀ ਹੈ ਜਿਸ ਨੂੰ ਡੇਕ ਕਹਿੰਦੇ ਨੇ ਇਹ ਨਦੀ ਬਰਸਾਤ ਦੇ ਦਿਨਾਂ ਵਿਚ ਵਹਿਣ ਲਗ ਪੈਂਦੀ ਹੈ ਤੇ ਬਰਸਾਤ ਤੋਂ ਬਿਨਾ ਸੁੱਕੀ ਰਹਿੰਦੀ ਹੈ । ਕਹਿੰਦੇ ਹਨ ਇਹ ਨਦੀ ਭੂਤਕਾਲ ਵਿਚ ਹਮੇਸ਼ਾਂ ਵਹਿੰਦੀ ਰਹਿੰਦੀ ਸੀ । ਬਰਸਾਤ ਦੇ ਦਿਨਾਂ ਵਿਚ ਇਸ ਨਦੀ ਨੂੰ ਪਾਰ ਕਰਨਾ ਬੜਾ ਔਖਾ ਸੀ ਹਜ਼ਰਤ ਸ਼ਾਹ ਦੌਲਾ ਫਕੀਰ ਨੇ, ਜੋ ਕਿ ਦਾਨ-ਪੁਨ ਵਿਚ ਲਾਸਾਨੀ ਸੀ, ਆਉਣ ਜਾਣ-ਵਾਲੇ ਲੋਕਾਂ ਲਈ ਨਦੀ ਉਪਰ ਇਕ ਵੱਡਾ ਪੁਲ ਬਣਵਾਇਆ ਜਿਸ ਨੂੰ ਪੁਲ ਸ਼ਾਹ ਦੌਲਾ ਕਹਿੰਦੇ ਹਨ ।

ਡੇਕ ਨਦੀ ਪਿੰਡ ਖੰਗੀ ਰਹਾਲ ਦੇ ਕੋਲੋਂ ਨਿਕਲਕੇ ਇਲਾਕੇ ਜੰਮੂ ਦੇ ਪਿੰਡਾਂ-ਮੌਰਚਾ ਪੁਰ, ਝਬਲੜੂ ਮਾਜਰਾ ਤੇ ਆਗੇਨਾ ਆਦਿ ਵਿਚ ਵਹਿੰਦੀ ਹੈ । ਪਿੰਡ ਸਦੀਆਵਾਲ ਤੇ ਕਰ ਟੋਪਾ ਦੇ ਕੋਲ ਪੁਜਕੇ ਕਿਤੇ ਸੁਕੀ ਤੇ ਕਿਤੇ ਵਗਦ ਹੈ । ਉਥੋਂ ਸਿਆਲ ਕੋਟ ਨਗਰ ਦੇ ਹੇਠਾਂ ਜਾ ਪੁਜਦੀ ਹੈ ਸਿਆਲ ਕੋਟ ਨਗਰ ਤੇ ਹੋਰ ਪਿੰਡਾਂ 'ਚੋਂ ਲੰਘਦੀ ਹੋਈ ਸੋਹਦਰਾ ਦੇ ਪ੍ਰਬੰਧ ਹੇਠਲੇ ਪਿੰਡ ਭੋਪਾਲਵਾਲਾ ਪੁਜਦੀ ਹੈ ਉਥੋਂ ਕਾਬਾਂ ਵਾਲਾ, ਧੜ ਤੇ ਨੁਕਲ ਪਿੰਡਾਂ ਦੇ ਬਰਾਬਰ ਖਿੰਡ ਪੁੱਡ ਜਾਂਦੀ ਹੈ । ਇਥੇ ਇਸ ਦਾ ਨਾਂ ਘੁਲੇਹਰੀ ਹੈ ।

ਨਦੀ ਦੇ ਉਸ ਬੰਨੇ ਸਿਆਲਕੋਟ ਦੇ ਪੂਰਬ ਵਲ ਰੰਗਪੁਰ, ਰਾਏਪੁਰਾ ਤੇ ਜਠਾਪੁਰਾ, ਆਬਾਦੀਆਂ ਹਨ । ਇਨ੍ਹਾਂ ਨੂੰ ਵਡਹਿਰਾ ਖਤਰੀਆਂ ਨੇ ਵਸਾਇਆ ਸੀ । ਰੰਗਪੁਰ ਵਿਚ ਕਾਗਜ਼ ਬਣਾਨ ਵਾਲੇ ਰਹਿੰਦੇ ਨੇ । ਭਾਬੜਿਆਂ ਦੀਆਂ ਜ਼ਨਾਨੀਆਂ ਰੰਗਦਾਰ ਰੇਸ਼ਮੀ ਧਾਗਿਆਂ ਨਾਲ ਚਿੱਟੇ ਤੇ ਸੁਰਖ ਕਪੜਿਆਂ ਤੇ ਕਸੀਦਾ ਕਾਰੀ ਕਰਦੀਆਂ ਹਨ ।

... ... ...

ਪੰਜਾਬ ਵਿਚ ਗੋਰੀ ਸਰਕਾਰ ਕਾਇਮ ਹੋਣ ਤੋਂ ਪਹਿਲਾਂ ਰਾਵੀ ਅਤੇ ਚਿਨਾਬ ਦੇ ਦੁਆਲੇ ਦਾ ਬਹੁਤ ਸਾਰਾ ਖੇਤਰ ਬਿਲਕੁਲ ਜੰਗਲ ਸੀ ਤੇ ਕੇਵਲ ਜਾਂਗਲੀ ਲੋਕ ਹੀ ਦੇਸ਼ ਦੇਸ਼ ਦੇ ਪਾਣੀਆਂ ਨੇੜੇ ਵਸਦੇ ਸਨ । ਇਨ੍ਹਾਂ ਲੋਕਾਂ ਬਾਰੇ ਹੀ ਪ੍ਰੋ: ਪੂਰਨ ਸਿੰਘ ਨੇ ਆਪਣੀ ਪੁਸਤਕ 'ਖੁਲ੍ਹੇ ਅਸਮਾਨੀ ਰੰਗ' ਵਿਚ ਲਿਖਿਆ ਸੀ।

'ਇਥੇ ਮੈਨੂੰ ਪਤਾ ਲਗਾ-ਹਵਾ, ਪਾਣੀ, ਮਿੱਟੀ,ਪ੍ਰਕਾਸ਼, ਚੰਨ ਸੂਰਜ, ਆਦਮੀ, ਜਾਨਵਾਰ, ਪੰਛੀ, ਪਿਆਰ ਦੇ ਬਰੀਕ ਰੇਸ਼ਮੀ ਡੋਰਿਆਂ ਨਾਲ ਇਕ ਜਾਨ ਵਿਚ ਬਧੇ ਪਏ ਹਨ ਬੁਲਬੁਲ ਦੀ ਬਾਗ ਤੇ ਪ੍ਰਭਾਤ ਦੇ ਬਦਲਾਂ ਦੇ ਰੰਗਾਂ ਦੀ ਸੁਹਣਪ ਦੀ ਦੋਹਾਂ ਨੂੰ ਕੋਈ ਮਿਲਵੀ ਉਕਸਾਹਟ ਹੈ ਫੁੱਲਾਂ ਦਾ ਖਿੜਣਾ ਤੇ ਸੂਰਜ ਦੇ ਕਿਰਨ ਦਾ ਨਿਤ ਨਵੇਂ ਵਿਆਹ ਦੀ ਖੁਸ਼ੀ ਤੇ ਚਾਅ ਵਿਚ ਆਪਣਾ ਇਕ ਜਾਦੂਈ ਅਚੰਭਾ ਹੈ, ਕਿਰਨ ਫੁੱਲ ਦੇ ਦਿਲ ਵਿਚ ਖੜਕੇ ਕੁਝ ਆਖ ਜਾਂਦੀ ਹੈ, ਸਾਰਾ ਦਿਨ ਫੁੱਲ ਆਪਣੀ ਨਿੱਕੀ ਨਿਮਾਣੀ ਕੁਲੀ ਵਿਚ ਅਨੰਤ ਹੋਇਆ ਆਉਂਦਾ ਹੀ ਨਹੀਂ। ਉਸ ਦੀ ਕਵਿਤਾ 'ਜਾਂਗਲੀ ਫੇਰ' ਵੀ ਉਸ ਦੇ ਇਸ ਬਿਆਨ ਦੀ ਗਵਾਹੀ ਭਰਦੀ ਹੈ ।

ਜਾਂਗਲੀਆਂ ਦੀ ਫੇਰ ਜਾਂਦੀ .



Sri Satguru Jagjit Singh Ji Elibrary NamdhariElibrary@gmail com

ਅੰਵਾਣੀ ਤਕਦੀ ਮੈਨੂੰ ਹਸਦੀ ਪਿਛੇ ਤਕ ਤਕ ਕੇ
ਹਵਾ ਵਗਦੀ ਵਾਂਗ ਆਜ਼ਾਦ ਜਾਂਦੀ ਉਹ
ਪੈਲੀਆਂ ਵਿਚ ਵੀ ਆਹ ਉਪਰ ਕਦਮ ਧਰਦੀ
ਤੇ ਆਪਣੇ ਕਾਲੇ ਨੈਣਾਂ ਦੇ ਜਾਦੂ ਨਾਲ ਰੂਹ ਜਾਂਦੀ
ਹਿਲਾਦੀ ਸਾਰੇ ਇਕ ਜਗਤ ਦਾ

'ਇਥੇ ਆ ਕੇ ਮਹਿਸੂਸ ਕੀਤਾ ਕਿ ਮੈਂ ਕਿਸੇ ਜਾਦੂ ਦੇ ਦੇਸ਼ ਵਿਚ ਆ ਵੜਿਆ ਹਾਂ, ਜਿਥੇ ਬੱਚੇ ਫੁੱਲ ਹਨ, ਬਿਰਖ ਮਨੁਖ ਹਨ ਅਤੇ ਇਕ ਅਗੰਮੀ ਅਣ ਦਿਸ਼ਾ ਦੇ ਪਿਛੇ ਜਗਤ ਦੇ ਸਾਥੀਆਂ ਦੀਆਂ ਨਵੀਆਂ ਝਰਨਾਟਾਂ ਤੇ ਨਵੇਂ ਝਕੋਲਿਆਂ ਤੇ ਬੇਮਲੂਮੀ ਉਕਸਾਹਟਾਂ ਵਿਚ ਹੀ ਵਸ ਰਿਹਾ ਹਾਂ ਤੇ ਧਰਤੀ ਆਕਾਸ਼ ਦੇ ਮਿਲਦੇ ਖੂਨ ਵਿਚ ਇਕ ਮਿਤਰਤਾ ਦੀ ਗਰਮਾਇਸ਼ ਹੈ।'

ਪ੍ਰੋ: ਪੂਰਨ ਸਿੰਘ ਮਹਾਨ ਪ੍ਰਤਿਭਾ ਵਾਲਾ ਕਵੀ ਸੀ ਅਤੇ ਉਹ ਮਨੁਖੀ ਮਨ ਦੀ ਧੁਰ ਅੰਦਰਲੀ ਨੁਕਰ ਤਕ ਪੁਜਕੇ ਬੰਦੇ ਦੇ ਸਭ ਤੋਂ ਪਿਆਰੇ ਕੋਨੇ ਨੂੰ ਰੁਸ਼ਨਾ ਕੇ ਪੇਸ਼ ਕਰ ਜਾਂਦਾ ਸੀ।

ਬਹੁਤ ਸਾਰੇ ਸ਼ਾਸਤਰਾਂ ਵਿਚ ਆਉਂਦਾ ਹੈ ਕਿ ਪੁਰਾਤਨ ਕਾਲ ਵਿਚ ਮੂਲਾ ਸਥਾਨ ਅਰਥਾਤ ਮੁਲਤਾਨ ਵੀ ਦੇਵਿਕਾ ਨਦੀ ਦੇ ਕੋਲ ਹੀ ਵਸਿਆ ਹੋਇਆ ਸੀ।

ਬੀਤੇ ਜ਼ਮਾਨੇ ਵਿਚ ਮੁਲਤਾਨ ਸ਼ਹਿਰ ਦੀ ਜਿਵੇਂ ਸ਼ੋਕਤ ਰਹੀ ਹੈ, ਦੇਗ ਦੀ ਧਾਰ ਉਸ ਬਾਰੇ ਸਾਨੂੰ ਸਿਦਕ ਦਿਲੀ ਨਾਲ ਗਵਾਹੀ ਦੇ ਸਕਦੀ ਹੈ, ਪਰ ਜਿਸ ਤਰ੍ਹਾਂ ਦਾ ਹਾਲ ਹੁਣ ਦੇਗ ਦਾ ਹੋ ਗਿਆ ਹੈ, ਉਹਦੇ ਬਾਰੇ ਸ਼ਾਇਦ ਮੁਲਤਾਨ ਕੁਝ ਵੀ ਨਾ ਕਹੇ। ਜਿਨਾਂ ਸਜਨਾਂ ਨਾਲ ਅਸਾਂ ਸਦੀਆਂ ਤਕ ਪਿਆਰ ਕੀਤਾ ਹੋਵੇ, ਉਨ੍ਹਾਂ ਦੀਆਂ ਦਹਿੰਦੀਆਂ ਕਲਾਂ ਦੀ ਕਹਾਣੀ ਕਿਵੇਂ ਕਹੀ ਜਾਵੇ।

ਦੇਗ ਨਦੀ ਦਾ ਪੈਂਡਾ ਆਪਣੇ ਸੋਮੇ ਤੋਂ ਚਲਕੇ ਰਾਵੀ ਨਾਲ ਮਿਲਣ ਤਕ, ਘਟੋ-ਘਟ ਡੇਢ ਸੌ ਮੀਲ ਜ਼ਰੂਰ ਹੋਵੇਗਾ। ਰਾਵੀ ਦੇ ਪਾਣੀਆਂ ਨਾਲ ਇਸ ਦੀਆਂ ਲਹਿਰਾਂ ਸੱਜੇ ਪਾਸਿਉਂ ਸ਼ਾਮਿਲ ਹੁੰਦੀਆਂ ਨੇ।



ਜਸਵੰਤ ਸਿੰਘ ਵਿਰਦੀ

ਜਿਸ ਤਰ੍ਹਾਂ ਰਾਵੀ ਅਤੇ ਦੇਗ ਦੇ ਪਾਣੀਆਂ ਦੀ ਚਾਲ ਤੇਜ਼ ਹੈ, ਉਸੇ ਤਰ੍ਹਾਂ ਹੀ ਉਸ ਖੇਤਰ ਦੇ ਲੋਕਾਂ ਦੇ ਸੁਭਾ ਅਤੇ ਚਰਿਤ੍ਰ ਵੀ ਤਿਖੇ ਹਨ। ਉਸ ਦੇ ਪਾਣੀਆਂ ਨੇੜਲੇ ਸ਼ਹਿਰਾਂ ਵਿਚ ਜੇਕਰ ਸੰਸਕ੍ਰਿਤਿਕ ਰੰਗ ਦੇ ਪੰਜਾਬੀ ਵਸਦੇ ਨੇ ਤਾਂ ਦੂਰ ਦੁਰਾਡੇ ਜੰਗਲਾਂ ਵਿਚ ਸਾਊ ਅਤੇ ਸਿਦਕਵਾਨ ਪੰਜਾਬੀ, ਜਿਨ੍ਹਾਂ ਨੂੰ ਅਸੀਂ ਜਾਂਗਲੀ ਕਹਿੰਦੇ ਹਾਂ।

ਇਨ੍ਹਾਂ ਲੋਕਾਂ ਬਾਰੇ ਸਰਦਾਰ ਕਰਤਾਰ ਸਿੰਘ ਸ਼ਮਸ਼ੇਰ ਆਪਣੀ ਪੁਸਤਕ 'ਨੀਲੀ ਤੇ ਰਾਵੀ" ਵਿਚ ਲਿਖਿਆ ਹੈ।

'ਜਾਂਗਲੀ ਲੋਕ ਆਮ ਤੌਰ ਤੇ ਜੱਟ ਸਦਾਉਂਦੇ ਹਨ। ਸਯਦਾਂ, ਕੁਰੈਸ਼ੀਆਂ, ਗਰਦੇਜ਼ੀਆਂ ਦੀ ਬੜੀ ਪ੍ਰਤਿਭਾ ਹੈ। ਭਾਵੇਂ ਜੱਟ ਉਨ੍ਹਾਂ ਦੇ ਮੁਰੀਦ ਹਨ ਪਰ ਤਾਂ ਵੀ ਉਨ੍ਹਾਂ ਲਈ ਜੱਟ ਹੋਣਾ ਬੜੀ ਗਰੇਵ ਵਾਲੀ ਗੱਲ ਹੈ। ਹਰ ਜੱਟ, ਜੱਟ ਹੈ। ਭਾਵੇਂ ਉਹਦੇ ਕੋਲ ਜ਼ਮੀਨ ਦਾ ਟੁਕੜਾ ਥੋੜਾ ਹੈ ਜਾਂ ਬਹੁਤਾ। ਇਸ ਦਾ ਕੋਈ ਸੁਆਲ ਨਹੀਂ। ਜੱਟ ਘਰਾਣੇ ਵਿਚ ਜੰਮਣਾ ਹੀ



Sri Satguru Jagjit Singh Ji Elibrary NamdhariElibrary@gmail.com

ਵਡੱਣਣ ਦੀ ਨਿਸ਼ਾਨੀ ਹੈ। ਹਰ ਜਾਂਗਲੀ ਆਪਣੇ ਆਪ ਨੂੰ ਰਾਜਪੂਤ ਸਮਝਦਾ ਹੈ। ਵਧੇਰੇ ਕਰਕੇ ਹਿੰਦੂ ਸਿਖ ਵੀ ਆਪਣੇ ਆਪ ਨੂੰ ਰਾਜਪੂਤ ਦਸਕੇ ਖੁਸ਼ ਹੁੰਦੇ ਹਨ। ਕਿਸੇ ਸਮੇਂ ਰਾਜਪੂਤ ਲੋਕ ਬੜੇ ਦਿਲਾਵਰ ਸਨ। ਦਿਲਾਵਰਾਂ ਨਾਲ ਆਪਣਾ ਪਿਛੋਕੜ ਜੋੜਕੇ ਹਰ ਪੰਜਾਬੀ ਖੁਸ਼ ਹੁੰਦਾ ਹੈ।'

ਮੀਏਂ ਸਾਹਿਬ ਦਾ ਮੇਲਾ ਤੁਲੰਬ ਤੋਂ ਕੁਝ ਦੂਰ ਰਾਵੀ ਦੇ ਦੋਹਾਂ ਕੰਢਿਆਂ ਤੇ ਲਗਦਾ ਸੀ।

ਨੂਰਾ ਨਹੰਗ ਇਸ ਖੇਤਰ ਦਾ ਲੋਕ ਕਵੀ ਹੋਇਆ ਹੈ ਹੈ ਜੋ ਕਿ ਤੁਲੰਬੇ ਦੇ ਪੁਰਾਣੇ ਥੇਹ ਦੀ ਲਹਿੰਦੀ ਗੁਠ ਵਿਚ ਆਪਣੇ ਖੂਹ ਉਤੇ ਆਪਣੀ ਭੋਂਟੀ ਬਣਾਕੇ ਰਹਿੰਦਾ ਸੀ। ਉਹਦਾ ਲਿਖਿਆ ਹੋਇਆ ਸਾਹਿਤ ਪੰਜਾਬ ਦੇ ਜਾਂਗਲੀਆਂ ਦੇ ਦਿਲ ਦੀ ਧੜਕਣ ਨੂੰ ਜਿਸ ਤਰ੍ਹਾਂ ਜੀਵੰਤ ਰੂਪ ਵਿਚ ਪੇਸ਼ ਕਰਦਾ ਹੈ, ਸਾਡੇ ਬਹੁਤ ਸਾਰੇ ਆਲਮ ਫਾਜ਼ਲ ਕਵੀ ਵੀ ਕਰ ਸਕਣਗੇ।

ਕਾਲੂਬੁਲੇਂਦੀ
ਨਾਰਦ ਮੰਨਿਆਂ ਦੇ',
ਅਜਰ ਅਲਾਹ ਦਾ ਚੜ੍ਹੇ ਨ ਕਟਕ ਸਿਖਉ ਦੇ,
ਜਿਵੇਂ ਹਿੰਦ ਤੇ ਚੜਿਆਦੇ ਕਟਕੂ ਆਹਮਦ ਸ਼ਾਹ ਦਾ।
ਪੰਜਾਬੀਆਂ ਦੀ ਬਾਤ ਨਕੰਮੀਂ, ਇਹ ਲੜਨ ਦੇ
ਕਿਹੜੇ ਰਾਹ ਦਾ।
ਲਹੂ ਲੁਹਾਣ ਹੋਨੀ ਏ ਮਿਲਖ ਖੁਦਾ ਦੀ
ਲਹੂ ਰੰਗਾ ਹੋ ਵਗਿਆ ਏ ਨੀਰ ਦਰਿਆਂ ਦਾ।

ਸੋਚ ਅਤੇ ਪ੍ਰਤਿਭਾ ਵਾਸਤੇ ਕੋਈ ਖਾਸ ਖੇਤਰ ਨਿਸਚਿਤ ਨਹੀਂ, ਉਹ ਕਿਤੇ ਵੀ ਪੈਦਾ ਹੋ ਸਕਦੀ ਹੈ। ਨੂਰਾਨਹੰਗ ਦੀ ਕਵਿਤਾ ਇਸ ਹਕੀਕਤ ਦੀ ਬੜੀ ਵੱਡੀ ਗਵਾਹੀ ਹੈ।

ਕਈ ਥਾਵਾਂ ਤੇ ਤਾਂ ਰਾਵੀ ਅਤੇ ਦੇਗ ਦੇ ਕਿਨਾਰਿਆਂ ਕੋਲ ਰਹਿਣ ਵਾਲੇ ਲੋਕਾਂ ਦੀ ਬੋਲੀ ਆਮ ਸ਼ਹਿਰੀਏ ਪੰਜਾਬੀਆਂ ਨਾਲੋਂ ਵੀ ਬਹੁਤੀ ਮਿਠੜੀ ਅਤੇ ਸਿਦਕਦਿਲੀ ਵਾਲੀ ਹੈ।

ਜਿਤ ਵਲ ਯਾਰ, ਉਤੇ ਵਲ ਕਾਅਬਾ,
ਮੈਂ ਹੱਜ ਕਰਾਂ ਦਿਹੁੰ ਰਾਤੀਂ।
ਅਮਲਾਂ ਨਾਲ ਭਰੇਂਦੇ ਨੀ ਸਖਣੇ,
ਉਥੇ ਕੌਣ ਪੁਛੇਂਦਾ ਏ ਜ਼ਾਤੀਂ।
ਨਾ ਗੁਣ ਰੂਪ ਨਾ ਦੌਲਤ ਪੱਲੇ,
ਹਿੱਕ ਓਂਦੀ ਜ਼ਾਤ ਪਛਾਤੀ।
ਆ ਵਤ ਸਾਂਵਲ ਮੇਰੇ ਵੇਹੜੇ,
ਮੈਂ ਘਤਸਾਂ ਘੋਲ ਹਯਾਤੀ।
... ... ...

ਰਾਵੀ ਦੇ ਉਤਰ ਵਲ, ਰਾਵੀ ਅਤੇ ਚਿਨਾਬ ਦੇ ਵਿਚਕਾਰਲੇ ਖੇਤਰ ਵਿਚ ਜਿਹੜੇ ਛੋਟੇ-ਛੋਟੇ ਤੂਫਾਨੀ ਦਰਿਆ ਵਗਦੇ ਨੇ, ਉਨ੍ਹਾਂ ਵਿਚੋਂ ਦੇਗ ਸਭ ਤੋਂ ਵਧ ਜ਼ੋਰਦਾਰ ਅਤੇ ਪ੍ਰਭਾਵਸ਼ਾਲੀ ਹੈ। ਸ਼ਾਇਦ ਕਦੀ, ਸਦੀਆਂ ਪਹਿਲਾਂ ਜਦੋਂ ਸਿੰਧ ਅਤੇ ਰਾਜਸਥਾਨ ਦੇ ਪਛਮੀ ਖੇਤਰ ਤਕ ਸਮੁੰਦਰ ਫੈਲਿਆ ਹੋਇਆ ਹੋਵੇ, ਅਤੇ ਸਿਵਾਲਿਕ ਦੀ ਪਰਬਤ ਮਾਲਾ ਤੇ ਵੀ ਖੂਬ ਬਰਸਾਤਾਂ ਪੈਂਦੀਆਂ ਤੇ ਬਰਫਾਂ ਪੈਂਦੀਆਂ ਹੋਣ — ਤਾਂ ਦੇਵਿਕਾ ਵੀ ਕਾਫੀ ਭਰਪੂਰ ਧਾਰ ਵਿਚ ਫੈਲਕੇ ਵਗਦੀ ਹੋਵੇ, ਪਰ ਹੁਣ ਤਾਂ ਉਹ ਇਕ ਮਾਮੂਲੀ ਜਿਹੀ ਧਾਰ ਹੀ ਹੈ। ਪਰ ਉਹਦੇ ਦੁਆਲੇ ਦੇ ਖੇਤਰ ਵਿਚ ਜਿਹੜੀ ਬਾਸਪਤੀ ਦੀ ਮਹਿਕ ਫੈਲੀ ਹੋਈ ਹੈ, ਉਹਦਾ ਵਰਣਨ ਕਿਵੇਂ ਕਰੀਏ।

ਮੈਂ ਜਗਦੀਸ਼ ਸਿੰਘ ਨੂੰ ਕਹਿੰਦਾ ਹਾਂ : 'ਕਈ ਸਿਆਲ-ਕੋਟੀ ਬਾਸਪਤੀ ਵਾਂਗ ਹੀ, ਸਿਆਲਕੋਟ ਦੇ ਬੰਦੇ ਵੀ ਮਹਿਕਦੇ ਨੇ ?'

'ਪੂਰਨ ਭਗਤ ਸਿਆਲਕੋਟੀ ਹੀ ਸੀ...'

'ਤੇ ਗੁਰਬਖਸ਼ ਸਿੰਘ ਪ੍ਰੀਤਲੜੀ ?'

'ਉਹ ਵੀ...'

'ਹੋਰ ?'

ਕਿਸ ਕਿਸ ਦੀ ਗੱਲ ਕੀਤੀ ਜਾਵੇ ?'

ਸਮੇਂ ਦੇ ਬੀਤਣ ਨਾਲ ਕਿਸ ਤਰ੍ਹਾਂ ਦੇ ਉਤਾਰ-ਚੜ੍ਹਾਅ ਆਉਂਦੇ ਨੇ, ਇਸ ਦੀ ਜੀਉਂਦੀ ਜਾਗਦੀ ਮਿਸਾਲ ਹੈ ਦੇਗ ਨਦੀ। ਪਰ ਉਹ ਹਾਲੇ ਵੀ ਆਪਣੇ ਆਪ ਨੂੰ ਨਿਤਾਣੀ ਨਹੀਂ ਸਮਝਦੀ। ਵਰ੍ਹੇ ਦੇ ਕੁਝ ਮਹੀਨਿਆਂ ਵਿਚ ਹੀ ਉਹ ਆਪਣਾ ਜ਼ੋਰ ਵਿਖਾਕੇ ਲੋਕਾਂ ਨੂੰ ਆਪਣੀ ਹੋਂਦ ਜਿਤਾ ਦਿੰਦੀ ਹੈ। ਖਾਮੋਸ਼ੀ ਨਾਲੋਂ ਤਾਂ ਇਹ ਘਾਲਣਾ ਬਿਹਤਰ ਹੀ ਹੈ, ਜਿਵੇਂ ਕਿ ਮੁਲਤਾਨੀ ਕਾਫੀ ਕਹਿੰਦੀ ਹੈ :

ਸਜਨਾਂ ਦੀ ਮਹਿਮਾਨੀ ਖਾਤਰ
ਖੂਨ ਜਿਗਰ ਦਾ ਛਾਣੀਂ ਦਾ।
ਕੀ ਸਾਡਾ ਮਨਜ਼ੂਰ ਨਾ ਕਰਸੇਂ
ਹਿਕ ਕਟੋਰਾ ਪਾਣੀ ਦਾ।



Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)



(SINGLE BARREL OR DOUBLE BARREL) 12 Bore Guns

## Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE



Sri Satguru Jagjit Singh Ji Elibrary NamdhariElibrary@gmail.com

ਲਲਿਤ ਨਿਬੰਧ :

ਬਾਬਾ ਬਲਵੰਤ ਦੀ ਬਰਸੀ 'ਤੇ

# ਉਹ,

# ਜੋ ਪਿਘਲ ਗਿਆ

# ਸੜਕਾਂ 'ਤੇ

ਕੁਲਬੀਰ ਸਿੰਘ ਕਾਂਗ

ਹਰਿ ਕੀ ਪਉੜੀ ਹੈ, ਗੰਗਾ ਦੇ ਅਤਿ ਠੰਡੇ ਪਾਣੀਆਂ ਵਿਚ ਬੈਠਾ ਹਾਂ। ਮੈਦਾਨਾਂ ਵਿਚੋਂ ਆ ਕੇ ਇਥੇ ਸਾਰੀ ਗਰਮੀ ਖੰਭ ਲਾ ਕੇ ਉੜ ਗਈ ਜਾਪਦੀ ਹੈ।

ਇਸਦੇ ਨਾਲ ਹੀ ਯਾਦ ਆ ਗਿਆ ਹੈ ਬਾਬਾ ਬਲਵੰਤ......

ਇਹੀ ਜੂਨ ਦਾ ਮਹੀਨਾ ਸੀ, ਭਖਦੀਆਂ ਗਰਮੀਆਂ, ਸੜਕਾਂ ਤੇ ਲੁਕ ਪਿਘਲ ਰਹੀ ਸੀ, ਜਦੋਂ ਸਾਡਾ ਇਕ ਮਹਾਂ ਕਵੀ, ਬਾਬਾ ਬਲਵੰਤ ਦਿੱਲੀ ਦੀਆਂ ਪਿਘਲੀਆਂ ਸੜਕਾਂ ਤੇ ਨਿਢਾਲ ਪਿਆ ਸੀ। ਉਹ ਬਹੁਤ ਯਾਦ ਆ ਰਿਹਾ ਹੈ ਕਿਉਂਕਿ ਆਪਣੀ ਮਧੁਰ ਤੇ ਗੰਭੀਰ ਕਵਿਤਾ ਨਾਲ ਉਸ ਨੇ ਪੰਜਾਬੀ ਸਾਹਿਤ ਤੇ ਬਾਬਾ ਦਾ ਸਿਰ ਉਚਾ ਕੀਤਾ ਸੀ। ਪਰ ਉਹ ਆਪ ਸਾਰੀ ਜ਼ਿੰਦਗੀ ਦੀ ਰੇਤ ਫਕਦਾ ਰਿਹਾ ਤੇ ਅੰਤ ਇਸੇ ਮਹੀਨੇ, ਬੱਸ ਨਾ ਮਿਲਣ ਕਾਰਨ ਪੈਦਲ ਤੁਰਦਾ ਤੁਰਦਾ ਸੜਕ ਤੇ ਚਕਰਾ ਕੇ ਡਿਗ ਪਿਆ ਸੀ। ਨਾਲ ਦੇ ਪੁਲੀਸ ਥਾਣੇ ਦੇ ਦੋ ਸਿਪਾਹੀਆਂ ਨੇ ਉਸ ਨੂੰ ਚੁਕਿਆ, ਕਾਗਜ਼-ਪਤਰਾਂ ਤੋਂ ਪਤਾ ਲਗਾ ਕਿ ਕੋਈ ਸ਼ਾਇਰ ਹੈ। ਉਸ ਦੇ ਪਾਸ ਹਮੇਸ਼ਾਂ, ਖੱਦਰ ਦਾ ਇਕ ਝੋਲਾ ਹੁੰਦਾ ਸੀ, ਜਿਸ ਵਿਚ ਨਵੀਂ ਡਾਕ, ਇਕ ਨਿੰਬੂ, ਲੂਣ ਦੀ ਪੁੜੀ, ਇਕ ਛੋਟਾ ਚਾਕੂ ਕਦੀ ਕਦੀ ਇਕ ਛੋਟੀ ਜਿਹੀ ਪੱਖੀ ਵੀ ਹੁੰਦੀ ਸੀ ਕਿਉਂਕਿ ਜਿਥੇ ਕਿਤੇ ਜਗਹ ਮਿਲਣੀ ਬਹਿ ਜਾਣਾ ਤੇ ਪੱਖੀ ਝਲਦਿਆਂ ਝਲਦਿਆਂ ਲਕੀਰਾਂ ਵਾਲੇ ਕਾਗਜ਼ ਉਤੇ ਕਵਿਤਾ ਜਾਂ ਵਾਰਤਕ ਦਾ ਕੋਈ ਲੇਖ ਲਿਖਦੇ ਰਹਿਣਾ। ਕਿਤੇ ਪਾਣੀ ਮਿਲ ਗਿਆ ਤਾਂ ਪੀ ਲਿਆ, ਜਾਂ ਚਾਹ ਪੀ ਲਈ ਠੰਡੀਆਂ ਬੋਤਲਾਂ ਉਸ ਦੀ ਸਮਰੱਥਾ ਤੋਂ ਬਾਹਰੀ ਗੱਲ ਸੀ।

ਸੋ ਸਿਪਾਹੀਆਂ ਤੇ ਥਾਣੇਦਾਰ ਨੇ ਕਵੀ ਹੋਣ ਦਾ ਪਤਾ ਲਗਣ ਤੇ ਬਿਲਕੁਲ ਨੇੜੇ ਰਹਿੰਦੀ ਇਕ ਕਵਿਤਰੀ ਨੂੰ ਫੋਨ ਕੀਤਾ ਕਿ ਤੁਸੀਂ ਆ ਕੇ ਉਸ ਦੀ ਪਛਾਣ ਕਰੋ ਪਰ ਉਸ ਦਾ ਉਤਰ ਸੀ, 'ਮੈਂ ਤਾਂ ਉਸ ਨੂੰ ਸਾਰੀ ਉਮਰ ਵੇਖਿਆ ਹੀ ਨਹੀਂ, ਪਛਾਣ ਕਿਵੇਂ ਹੋ ਸਕਦੀ ਹੈ। 'ਉਸ ਨੇ ਗੁਲਜ਼ਾਰ ਸੰਧੂ, ਕਰਨਜੀਤ ਤੇ ਹੋਰ ਲੋਕਾਂ ਦੇ ਪਤੇ ਜ਼ਰੂਰ ਦਿਤੇ ਜਾਂ ਬਾਬਾ ਬਲਵੰਤ ਦੇ ਕਾਗਜ਼ਾਂ ਵਿਚੋਂ ਨਿਕਲ ਆਏ, ਇਹੀ ਗਨੀਮਤ ਸਮਝੋ। ਇਨ੍ਹਾਂ ਦੋਸਤਾਂ ਨੇ ਪਤਾ ਦਿਤਾ, ਵਿਚ ਸਭ ਪੰਜਾਬੀ ਪਿਆਰੇ ਇਕੱਠੇ ਕਰ ਲਏ ਪਰ ਹਸਪਤਾਲ ਜਾ ਕੇ ਵੀ ਉਸ ਦੇ ਸਵਾਸ ਨਾ ਪਰਤੇ।

ਉਸ ਨੇ ਆਪਣੀਆਂ ਲੋੜਾਂ ਘਟਾ ਰਖੀਆਂ ਸਨ। ਚਾਹ ਵਿਚ ਲੂਣ ਪਾ ਕੇ ਪੀਣਾ ਉਸ ਦਾ ਨਿਤ-ਕਰਮ ਸੀ। ਰੋਟੀ ਖਾਣੀ ਹੈ, ਸਵੱਛ ਅਤੇ ਦਾਲ ਜੀਰੇ ਨਾਲ ਤੜਕਾ ਕੇ। ਨਾ ਮਿਲੇ ਤਾਂ ਚਾਹ ਵਿਚ ਰਸ ਡੁਬੋ ਕੇ ਗੁਜ਼ਾਰਾ ਕਰ ਲੈਣਾ ਸਾਰੀ ਜ਼ਿੰਦਗੀ ਖੱਦਰ ਹੰਢਾਇਆ, ਖੱਦਰ ਦਾ ਹੀ ਰੁਮਾਲਾ ਜਿਸ ਨੂੰ ਚਾਰ ਡੋਰਾਂ ਲਾ ਕੇ ਬੜੇ ਆਰਾਮ ਨਾਲ ਝੋਲੇ ਵਿਚ ਰਖਣਾ, ਖੱਦਰ ਦਾ ਪਰਨਾ ਅਸਲ ਵਿਚ ਉਹ ਕੁਮਾਰ ਅਵਸਥਾ ਵਿਚ ਹੀ ਦੇਸ਼-ਭਗਤੀ ਦੇ ਰੰਗ ਵਿਚ ਰੰਗਿਆ ਗਿਆ ਸੀ ਤੇ ਹੱਥ ਵਿਚ ਕੜੇ ਪਾ ਕੇ ਡੰਡੇ ਨਾਲ ਸੁਰ ਤਾਲ ਮੇਲ ਕੇ ਆਜ਼ਾਦੀ ਦੀਆਂ ਨਜ਼ਮਾਂ ਚੁਰਾਹਿਆਂ ਵਿਚ ਪੜ੍ਹਨਾਂ ਉਸ ਦਾ



Sri Satguru Jagjit Singh Ji Elibrary NamdhariElibrary@gmail com

ਖਾਸ ਅੰਦਾਜ਼ ਸੀ । ਸੁਹਣਾ ਬਹੁਤ ਸੀ, ਭਰਵੀਂ ਸਿਹਤ, ਗੋਰਾ ਰੰਗ, ਕੱਕੇ ਵਾਲ, ਪਿਛਾਂਹ ਵਲ ਮੋੜ ਕੇ ਵਾਹੇ ਹੋਏ ਜੋ ਧੌਣ ਤੱਕ ਲਟਬਾਵਰੇ ਬਣ ਕੇ ਆਉਂਦੇ ਸਨ : ਇਸੇ ਕਰਕੇ ਨਾਨਾ ਜੀ ਨੇ ਬਾਵਾ ਕਹਿਣਾ ਸ਼ੁਰੂ ਕੀਤਾ ਸੀ ਅਸਲ ਨਾਮ ਬਲਵੰਤ ਰਾਇ ਸ਼ਰਮਾ ਸੀ । ਇਸੇ ਕੁਮਾਰ ਅਵਸਥਾ ਵਿਚ ਰਾਮ ਲੀਲ੍ਹਾ ਵੇਖਦਿਆਂ ਇਕ ਲਖਪਤੀਆਂ ਦੀ ਧੀ ਸਿੰਧਣ ਕੁੜੀ (ਕ੍ਰਿਸ਼ਨਾ) ਉਤੇ ਨਿਛਾਵਰ ਹੋ ਗਿਆ । ਉਹ ਮਿਲ ਨਾ ਸਕੀ, ਸਾਰੀ ਜ਼ਿੰਦਗੀ ਇਸੇ ਤਰ੍ਹਾਂ ਕੱਟ ਦਿਤੀ, ਤਦੇ ਹੀ ਉਸ ਨੇ ਲਿਖਿਆ ਸੀ ।

ਮੈਂ ਮੁਹੱਬਤ ਉਸ ਨੂੰ ਕਰਦਾ ਹੀ ਰਿਹਾ,
ਰੋਜ਼ ਜਿਊਂਦਾ ਰੋਜ਼ ਮਰਦਾ ਹੀ ਰਿਹਾ ।
ਉਸ਼ਾ ਮੇਰੀ ਨੂੰ ਨਫਰਤ ਹੀ ਰਹੀ,
ਪ੍ਰੀਤ ਮੇਰੀ ਫੇਰ ਵੀ ਜੀਵਤ ਰਹੀ ।
ਹੇ ਮੁਹੱਬਤ । ਤੇਰੀ ਰੂਹ ਤੋਂ ਹੀ ਕਦੀ,
ਆਦਮੀ ਬਣੇਗਾ ਆਦਮੀ ।
ਇਸ ਲਈ ਨਫਰਤ ਨੂੰ ਜਰਦਾ ਹੀ ਰਿਹਾ,
ਮੈਂ ਮੁਹੱਬਤ ਉਸ ਨੂੰ ਕਰਦਾ ਹੀ ਰਿਹਾ ।
ਰੋਜ਼ ਜਿਊਂਦਾ ਰੋਜ਼ ਮਰਦਾ ਹੀ ਰਿਹਾ ।

ਉਹ ਆਪਣੀ ਪ੍ਰਿਯਸੀ ਨੂੰ 'ਗਿਆਨ ਕ੍ਰਿਸ਼ਨਾ' ਕਹਿ ਕੇ ਯਾਦ ਕਰਦਾ ਸੀ, ਕਿਉਂਕਿ ਉਸ ਤੋਂ ਉਸ ਨੂੰ ਬੁੱਧ ਵਾਂਗ ਗਿਆਨ ਹੋਇਆ ।

ਕੋਈ ਚਾਨਣ-ਕੁੜੀ ਬਣ ਮੇਰੇ ਦਿਲ ਗੌਤਮ ਲਈ ਆਇਆ, ਮੇਰਾ ਜੀਵਨ ਹਨੇਰ ਦੌੜਿਆ ਖ਼ਬਰੇ ਹਵਾ ਹੋਇਆ । ਉਹ ਇਸ ਦੌਰ ਦਾ ਪਹਿਲਾ ਗੰਭੀਰ ਕਵੀ ਸੀ ਕਮਾਲ ਇਹ ਹੈ ਕਿ ਬੰਦਰਗਾਹ ਵਰਗੀ ਡੂੰਘੀ ਕਿਤਾਬ ਲਿਖ ਕੇ ਕਈ ਸਾਲ ਉਡੀਕਦਾ ਰਿਹਾ ਕਿ ਲੋਕ ਸਮਝਣ ਜੋਗ ਹੋ ਜਾਣ । ਫਿਰ ਪ੍ਰਿੰ. ਸੁਜਾਨ ਸਿੰਘ, ਅਬਦੁਲ ਰਹਿਮਾਨ ਚੁਗਤਾਈ ਅਮਰ ਸਿੰਘ ਤੇ ਈਸ਼ਵਰ ਚਿਤਰਕਾਰ ਦੇ ਕਹਿਣ ਤੇ ਛਾਪੀ ਪਹਿਲੀ ਹੀ 'ਮਹਾਂ ਨਾਚ', 'ਅਮਰ ਗੀਤ', ਤੇ 'ਜਵਾਲਾ ਮੁਖੀ' ਪੁਸਤਕਾਂ ਦੇ ਚੁਕਾ ਸੀ, ਪਰ ਬੰਦਰਗਾਹ ਨਾਲ ਸਾਡੀ ਕਵਿਤਾ ਨੇ ਇਕ ਵਡਾ ਪੜਾਅ ਤੈਅ ਕੀਤਾ ਸੀ, ਡੂੰਘੀ ਬੌਧਕ ਕਵਿਤਾ ਦੀਆਂ ਸੰਭਾਵਨਾਵਾਂ ਜਾਗੀਆਂ ਸਨ । ਸਾਰੀ ਜ਼ਿੰਦਗੀ ਉਹ ਡੂੰਘਾ, ਬੌਧਿਕ ਤੇ ਚਿੰਤਨਸ਼ੀਲ ਰਿਹਾ । ਇਸੇ ਰੰਗ ਦੀ ਪ੍ਰੇਰਣਾ ਸਭ ਨੂੰ ਦੇਂਦਾ ਸੀ ।

ਉਹ ਅਨਪੜ੍ਹ ਹੋਣ ਦੇ ਬਾਵਜੂਦ ਮਹਾਨ ਵਿਦਵਾਨ ਸੀ ਉਸ ਨੇ ਨਿਜੀ ਅਧਿਐਨ ਇੰਨਾ ਕਰ ਲਿਆ ਸੀ ਕਿ ਦੁਨੀਆਂ ਦੇ ਕਿਸੇ ਵੀ ਵਿਸ਼ੇ ਬਾਰੇ ਉਹ ਕਾਫੀ ਲੰਬੀ ਵਾਰਤਾ ਕਰ ਸਕਦਾ ਸੀ । ਸਮਾਜ-ਵਾਦ, ਫਿਰ ਧਾਰੇ ਨੇ ਕਿਹਾ, ਊਸ਼ਾ, ਜਹਾਜ਼ਰਾਨ, ਵਰਗੀਆਂ ਕਵਿਤਾਵਾਂ ਉਸ ਦੇ ਉਦੋਂ ਲਿਖੀਆਂ ਜਦੋਂ ਮੋਹਨ ਸਿੰਘ ਤੇ ਅੰਮ੍ਰਿਤਾ ਰੁਮਾਂਟਕ ਪ੍ਰਗਤੀ-ਸ਼ੀਲ ਬਨਣ ਦਾ ਯਤਨ ਕਰ ਰਹੇ ਸਨ ।

ਉਹ ਕੌਮ, ਉਹ ਮੁਲਕ, ਉਹ ਸਭਿਆਚਾਰ ਕੀ ਹੈ, ਜਿਥੇ ਮਹਾ ਕਵੀ ਸੜਕਾਂ ਤੇ ਪਿਘਲ ਜਾਂਦੇ ਹਨ । ਪੰਜਾਬੀ ਸਭਿਆਚਾਰ ਦੇ ਨਾਅਰੇ ਲਾਉਣ ਵਾਲਿਆਂ ਨੂੰ ਸੋਚਣਾ ਚਾਹੀਦਾ ਹੈ । ਲੋਕਾਂ ਦੇ ਦਿਲਾਂ ਵਿਚ ਉਸਦੀ ਯਾਦ ਹੈ ਪਰ ਕੌਮੀ ਸਭਿਆਚਾਰਕ ਮਠਾਂ ਵਲੋਂ ਉਸ ਯਾਦ ਮਨਾਉਣੀ ਬਹੁਤ ਜ਼ਰੂਰੀ ਹੈ। ●





Sri Satguru Jagjit Singh Ji Elibrary NamdhariElibrary@gmail com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


Phones : Office : 258411
: 250345
Resi. : 213054


# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬,

**Manufacturers & Suppliers of :**

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS,

WOODEN & STEEL FURNITURE

PLEASE CONTACT

# NAMDHARI AGENCIES

**2/2068 CHAH ANDARA,**

**(Behind Jubilee Cinema)**

**CHANDNI CHOWK, DELHI-110006**


Sri Satguru Jagjit Singh Ji Elibrary NamdhariElibrary@gmail.com

# ਕਣਵ

ਭਾਰਤ ਦੇ ਮਹਾਨ ਰਿਸ਼ੀਆਂ ਵਿੱਚ ਕਣਵ ਦਾ ਨਾਂ ਬੜੀ ਵਡਿਆਈ ਨਾਲ ਲਿਆ ਜਾਂਦਾ ਹੈ। ਇਨ੍ਹਾਂ ਦਾ ਨਾਂ ਭਾਰਤੀ ਲੋਕ ਜੀਵਨ ਵਿਚ ਜਿੰਨੀ ਅਪਣਤ ਨਾਲ ਲਿਆ ਜਾਂਦਾ ਹੈ, ਹੋਰ ਘਟ ਹੀ ਰਿਸ਼ੀਆਂ ਦੇ ਹਿਸੇ ਇਹ ਮਾਣ ਆਇਆ ਹੈ।

ਕਣਵ ਅਜਮੀੜ ਅਤੇ ਕੇਸ਼ਿਨੀ ਦੇ ਪੁਤਰ ਦਾ ਨਾਂ ਸੀ, ਜੋ ਕਿ ਮੇਧਾਤਿਥੀ ਦੇ ਪਿਤਾ ਸਨ। ਇਨ੍ਹਾਂ ਦਾ ਗੋਤ ਕਸ਼ਿਅਪ ਸੀ ਅਤੇ ਇਹ ਬੜੇ ਜੱਤੀ ਸਤੀ ਸਨ। ਕਾਣਵਾਇਨ ਬ੍ਰਾਹਮਣਾਂ ਦਾ ਵੰਸ਼ ਇਨ੍ਹਾਂ ਨਾਲ ਹੀ ਆਰੰਭ ਹੋਇਆ ਸੀ।

ਪੁਰਾਤਨ ਗ੍ਰੰਥ ਇਸ ਗੱਲ ਦੇ ਗਵਾਹ ਹਨ ਕਿ ਕਣਵ ਰਿਸ਼ੀ ਦਾ ਆਸ਼ਰਮ ਮੜਾਂਤਰ ਬਿਜਨੌਰ ਕੋਲ, ਮਾਲਿਨੀ ਨਦੀ ਦੇ ਕਿਨਾਰੇ ਤੇ ਸੀ, ਜਿਸ ਵਿਚ ਘਟੋ ਘਟ ਦਸ ਹਜ਼ਾਰ ਵਿਦਿਆਰਥੀ ਸਨ। ਕਣਵ ਉਨ੍ਹਾਂ ਸਭਨਾਂ ਦਾ ਗੁਰੂ ਸੀ ਅਤੇ ਵਿਦਿਆ ਦਾਤਾ ਵੀ।

ਮਹਾਰਿਸ਼ੀ ਵਿਸ਼ਵਾ ਮਿਤਰ ਦੀ ਕਠਿਨ ਤਪਸਿਆ ਤੋਂ ਡਰਕੇ ਇੰਦਰ ਨੇ ਜਦੋਂ ਮੇਣਕਾ ਨੂੰ ਉਹ ਤੱਪ ਭੰਗ ਕਰਨ ਲਈ ਭੇਜਿਆ ਤਾਂ ਉਨ੍ਹਾਂ ਦੇ ਸੰਜੋਗ ਨਾਲ ਸ਼ਕੁੰਤਲਾ ਦਾ ਜਨਮ ਹੋਇਆ। ਮੇਣਕਾ ਤਾਂ ਸ਼ਕੁੰਤਲਾ ਨੂੰ ਛਡਕੇ ਆਪ ਵਾਪਿਸ ਇੰਦਰ ਲੋਕ 'ਚ ਚਲੀ ਗਈ ਪਰ ਸ਼ਕੁੰਤਲਾ ਦੀ ਪਾਲਣਾ ਕਣਵ ਨੇ ਹੀ ਧੀ ਬਣਾਕੇ ਕੀਤੀ।

ਮਾਲਿਨੀ ਨਦੀ ਦੇ ਕਿਨਾਰੇ ਤੇ ਸ਼ਕੁੰਤਲਾ ਅਰਥਾਤ ਪੰਛੀਆਂ ਨੇ ਮੇਣਕਾ ਦੀ ਧੀ ਦੀ ਰੱਖਿਆ ਕੀਤੀ ਸੀ, ਇਸ ਕਰਕੇ ਉਹਨਾਂ ਨਾਂ ਸ਼ਕੁੰਤਲਾ ਪ੍ਰਸਿਧ ਹੋਇਆ।

ਸ਼ਕੁੰਤਲਾ ਅਤੇ ਦੁਸ਼ਿਅੰਤ ਦੀ ਕਹਾਣੀ ਨੂੰ ਲੈ ਕੇ ਮਹਾ ਕਵੀ ਕਾਲਿਦਾਸ ਨੇ ਸੰਸਕ੍ਰਿਤ ਵਿਚ ਜਿਹੜਾ ਨਾਟਕ ਲਿਖਿਆ, ਉਸ ਵਿਚ ਸਭ ਤੋਂ ਮਹਾਨ ਅਤੇ ਸਤਿਕਾਰਿਆ ਹੋਇਆ ਪਾਤਰ ਕਣਵ ਹੀ ਹੈ। ਕਣਵ ਨੇ ਸ਼ਕੁੰਤਲਾ ਨੂੰ ਸਸੁਰਾਲ ਤੋਰਣ ਵੇਲੇ ਜਿਹੜੀ ਆਸ਼ੀਰਵਾਦ ਦਿਤੀ ਸੀ, ਉਹ ਸੰਸਕ੍ਰਿਤ ਸਾਹਿਤ ਵਿਚ ਇਕ ਮਹਾਨ ਰਚਨਾ-ਖੰਡ ਸਮਝੀ ਜਾਂਦੀ ਹੈ।

ਕਣਵ ਦੇ ਆਸ਼ਰਮ ਕਈ ਥਾਵਾਂ ਤੇ ਹੋਣ ਦਾ ਅਨੁਮਾਨ ਹੈ। ਮਰਾਂਤਰ ਕੋਲ ਮਾਲਿਨੀ ਨਦੀ ਦੇ ਇਲਾਵਾ ਨੰਦ ਪ੍ਰਿਯਗਤਾ ਵਿਚ ਵੀ ਕਣਵ ਦਾ ਆਸ਼ਰਮ ਸੀ।

ਕਣਵ ਵਧੇਰੇ ਕਰਕੇ ਵਿਦਿਆ ਦਾਤਾ ਦੇ ਰੂਪ ਵਿਚ ਹੀ ਪ੍ਰਸਿਧ ਹਨ।

ਸ਼ਕੁੰਤਲਾ ਦੀਆਂ ਮੁਸੀਬਤਾਂ ਦੀ ਕਹਾਣੀ ਤਾਂ ਸਭੇ ਲੋਕ ਹੀ ਜਾਣਦੇ ਨੇ। ਉਸ ਦੇ ਜਿਸ ਪੁਤਰ ਭਰਤ ਦੇ ਨਾਂ ਨਾਲ ਇਸ ਦੇਸ਼ ਦਾ ਨਾਂ ਭਾਰਤ ਪ੍ਰਸਿਧ ਹੋਇਆ ਸਮਝਿਆ ਜਾਂਦਾ ਹੈ, ਉਸ ਦੇ ਸਭੇ ਹੀ ਸੰਸਕਾਰ ਕਣਵ ਰਿਸ਼ੀ ਨੇ ਹੀ ਕੀਤੇ ਸਨ। ਕਹਿੰਦੇ ਨੇ ਕਿ ਆਪਣੇ ਜੀਵਨ ਦੇ ਅੰਤਲੇ ਵਰ੍ਹਿਆਂ ਵਿਚ ਸ਼ਕੁੰਤਲਾ ਰਾਜ ਮਹਿਲਾਂ ਤੋਂ ਸਨਿਆਸ ਲੈ ਕੇ ਕਣਵ ਦੇ ਆਸ਼ਰਮ ਵਿਚ ਹੀ ਰਹੀ ਸੀ।

ਕਣਵ ਰਿਸ਼ੀ ਦੇ ਨਾਂ ਨਾਲ ਸ਼ੁਕਲ ਯਜੁਰਵੇਦ ਦੇ ਸ਼ਾਖਾਕਾਰ ਹੋਣ ਦਾ ਜ਼ਿਕਰ ਆਉਂਦਾ ਹੈ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਇਨ੍ਹਾਂ ਦੀ ਇਕ ਸੰਹਿਤਾ ਅਤੇ ਬ੍ਰਾਹਮਣ ਵੀ ਹੈ, ਪਰ ਹੋਰ ਬਹੁਤ ਸਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਇਨ੍ਹਾਂ ਰਚਨਾਵਾਂ ਦਾ ਸਿਰਜਣਹਾਰਾ ਕਣਵ ਰਿਸ਼ੀ ਕੋਈ ਹੋਰ ਵਿਅਕਤੀ ਸੀ।

ਪੁਰਾਣੇ ਵੇਲਿਆਂ ਵਿਚ ਰਿਸ਼ੀ ਬਹੁਤ ਹੀ ਜੱਪੀ ਤਪੀ ਸਨ ਪਰ ਉਨ੍ਹਾਂ ਵਿਚੋਂ ਬਹੁਤ ਸਾਰੇ ਆਪਣੇ ਕੌੜੇ ਸੁਭਾ ਕਰਕੇ ਅਤੇ ਜਾਂ ਕਈ ਤਰ੍ਹਾਂ ਦੇ ਹੋਰ ਆਚਰਣਾਂ ਕਰਕੇ ਵੀ ਪ੍ਰਸਿਧ ਹਨ, ਪਰ ਕਣਵ ਦਾ ਜੀਵਨ ਬਹੁਤ ਹੀ ਸਾਤਵਿਕ ਤੇ ਸੱਚਾ ਸੁਚਾ ਸੀ।

ਹੋਰ ਵੀ ਬਹੁਤ ਥਾਵਾਂ ਤੇ ਕਣਵ ਦਾ ਜ਼ਿਕਰ ਆਉਂਦਾ ਹੈ ਪਰ ਜਿਸ ਤਰ੍ਹਾਂ ਸਾਡੇ ਮਹਾਨ ਕਵੀ ਕਾਲਿਦਾਸ ਨੇ ਉਸ ਨੂੰ ਪੇਸ਼ ਕੀਤਾ ਹੈ, ਉਹ ਬੜਾ ਹੀ ਬਾਕਮਾਲ ਵਰਣਨ ਹੈ।

ਕਾਲੀਦਾਸ ਦੇ ਇਲਾਵਾ ਪੰਜਾਬੀ ਵਿਚ ਸਰਦਾਰ ਪਿਆਰਾ ਸਿੰਘ ਸਹਿਰਾਈ ਨੇ ਵੀ ਜਦੋਂ ਸ਼ਕੁੰਤਲਾ ਦੀ ਕਥਾ ਲਿਖੀ ਤਾਂ ਉਸ ਨੇ ਵੀ ਕਣਵ ਦਾ ਬੜਾ ਸੁੰਦਰ ਬਿਆਨ ਪੇਸ਼ ਕੀਤਾ।

ਜਿਨ੍ਹਾਂ-ਜਿਨ੍ਹਾਂ ਰਿਸ਼ੀਆਂ ਦਾ ਵੀ ਸਾਹਿਤ ਵਿਚ ਭਰਪੂਰ ਵਰਣਨ ਆਇਆ, ਉਹੋ ਹੀ ਅਮਰ ਹੋ ਗਏ। ਵੈਸੇ ਤਾਂ ਸਾਰੇ ਹੀ ਰਿਸ਼ੀ ਅਮਰ ਹਨ, ਪਰ ਕਣਵ ਵਰਗੇ ਰਿਸ਼ੀ ਅਮਰ ਹੋਣ ਦੇ ਇਲਾਵਾ ਹਰਮਨ ਪਿਆਰੇ ਵੀ ਹਨ।

ਸੰਕਲਨ ਕਰਤਾ : ਜ. ਸ. ਵਿਰਦੀ


Sri Satguru Jagjit Singh Ji Elibrary NamdhariElibrary@gmail com

# ਵਿਕਟਰ ਹਿਊਗੋ

— ਕੋਨਸਤਾਨਤਿਨ ਪਾਸਤੋਵਸਕੀ

ਜਰਸੀ ਟਾਪੂ ਵਿਚ, ਇੰਗਲਿਸ਼ ਚੈਨਲ ਦੇ ਵਿਚਕਾਰ, ਵਿਕਟਰ ਦਾ ਸਮਾਰਕ ਬਿਲਕੁਲ ਉਸੇ ਥਾਂ ਤੇ ਕਾਇਮ ਕੀਤਾ ਗਿਆ ਹੈ ਜਿਥੇ ਕਿ ਉਹ ਆਪਣੀ ਜਲਾਵਤਨੀ ਦੇ ਦਿਨਾਂ ਵਿਚ ਰਿਹਾ ਸੀ।

ਇਕ ਸ਼ਾਨਦਾਰ ਬੁੱਤ ਦੇ ਰੂਪ ਵਿਚ, ਉਸ ਜੰਗਲੀ ਇਲਾਕੇ ਵਿਚਕਾਰ ਉਹ ਇਕ ਉਚੀ ਚਟਾਨ ਉਪਰ ਸਮੁੰਦਰ ਵਲ ਮੂੰਹ ਕਰਕੇ ਖਲੋਤਾ ਹੈ। ਜਿਸ ਚਬੂਤਰੇ ਤੇ ਉਹ ਖਲੋਤਾ ਹੈ, ਉਹ ਮਸੀਂ ਇਕ ਫੁਟ ਉਚਾ ਹੈ, ਅਤੇ ਦੁਆਲੇ ਘਾਹ ਬੂਟ ਕਾਰਣ ਨਜ਼ਰ ਵੀ ਨਹੀਂ ਆਉਂਦਾ। ਇਸ ਤਰ੍ਹਾਂ ਜਾਪਦਾ ਹੈ ਕਿ ਬੁੱਤ ਦੇ ਪੈਰ ਧਰਤੀ ਤੇ ਟਿਕੇ ਹੋਏ ਨੇ।

ਵਿਕਟਰ ਹਿਊਗੋ, ਹਵਾ ਵਿਚ ਲਹਿਰਾਉਂਦੇ ਹੋਏ ਚੋਗੇ ਵਿਚ, ਇਕ ਹੱਥ ਨਾਲ ਸਿਰ ਤੇ ਹੈਟ ਨੂੰ ਸੰਭਾਲੀ, ਰਤਾ ਕੁ ਨਿਵਿਆ ਹੋਇਆ, ਸਾਗਰ ਵਲੋਂ ਵਧ ਰਹੇ ਤਿਖੇਰੇ ਝਖੜ ਦੇ ਸਾਹਮਣੇ ਬੜੀ ਨਿਡਰਤਾ ਨਾਲ ਖਲੋਤਾ ਹੋਇਆ ਦਿਖਾਇਆ ਗਿਆ ਹੈ। ਉਸ ਬੁੱਤ ਤੋਂ ਕੁਝ ਵਿਥ ਦੀ ਦੂਰੀ ਤੇ ਹੀ ਉਹ ਚਟਾਨ ਹੈ ਜਿਥੇ ਕਿ 'ਸਮੁੰਦਰ ਦੇ ਕਾਮੇ' ਦਾ 'ਜੇਲੀਉ' ਮਲਾਹ ਮੋਇਆ ਸੀ।

ਹਰ ਪਾਸੇ, ਜਿਥੋਂ ਤਕ ਨਜ਼ਰ ਆਉਂਦਾ ਹੈ, ਸ਼ੂਕਦਾ ਹੋਇਆ ਸਾਗਰ ਫੈਲਿਆ ਹੋਇਆ ਹੈ। ਛਲਕਦੀਆਂ ਲਹਿਰਾਂ ਚਟਾਨਾਂ ਨਾਲ ਆ ਕੇ ਟਕਰਾਉਂਦੀਆਂ ਤੇ ਸਮੁੰਦਰੀ ਬਨਸਪਤੀ ਨੂੰ ਆਪਣੇ ਨਾਲ ਖਿਚੀ ਲਿਆਉਂਦੀਆਂ ਨੇ।

ਧੁੰਦਲੇ ਵਾਤਾਵਰਣ 'ਚ, ਚਾਨਣ ਮੁਨਾਰਿਆਂ ਦੀਆਂ ਤਿੱਖੀਆਂ ਸੀਟੀਆਂ ਗੂੰਜਦੀਆਂ ਹਨ। ਰਾਹ ਵਿਖਾਣ ਬੱਤੀਆਂ ਸਾਗਰ-ਤਲ ਤੇ ਥਿਰਕਦੀਆਂ ਵੇਖੀਆਂ ਜਾ ਸਕਦੀਆਂ ਨੇ।

ਹਰ ਵਰ੍ਹੇ ਵਿਕਟਰ ਹਿਊਗੋ ਦੀ ਸਾਲਗਿਰਾ ਦੇ ਅਵਸਰ 'ਤੇ ਜਰਸੀ 'ਚ ਰਹਿਣ ਵਾਲੇ ਲੋਕ ਟਾਪੂ ਦੀ ਸਭ ਤੋਂ ਸੋਹਣੀ ਕੁੜੀ ਕੋਲੋਂ ਬੁੱਤ ਦੇ ਪੈਰਾਂ ਕੋਲ ਥੰਡੀ ਜਿਹੀ ਅਮਰ ਵੇਲ ਰਖਵਾਂਦੇ ਨੇ। ਉਨ੍ਹਾਂ ਲੋਕਾਂ ਦਾ ਪੁਰਾਣਾ ਵਿਸ਼ਵਾਸ ਹੈ ਕਿ ਅਮਰ ਵੇਲ, ਤਕੜੇ ਤੇ ਕੂਲੇ ਹਰੇ ਪੱਤਿਆਂ ਵਾਲੀ ਲਤਾ, ਜੀਂਵਦਿਆਂ ਲਈ ਬਰਕਤਾਂ ਲੈਕੇ ਆਉਂਦੀ ਹੈ ਅਤੇ ਮੋਇਆਂ ਬੱਚਿਆਂ ਦੀ ਯਾਦ ਨੂੰ ਵਿਸਰਣ ਨਹੀਂ ਦਿੰਦੀ। ਉਨ੍ਹਾਂ ਦਾ ਇਹ ਵਿਸ਼ਵਾਸ ਹੈ ਵੀ ਠੀਕ, ਕਿਉਂਕਿ ਵਿਕਟਰ ਹਿਊਗੋ ਦੀ ਕ੍ਰਾਂਤੀਕਾਰੀ ਆਤਮਾ ਹਾਲੇ ਵੀ ਫਰਾਂਸ ਤੇ ਗੇੜੇ ਲਾਉਂਦੀ ਹੈ।

ਵਿਕਟਰ ਹਿਊਗੋ ਜੋਸ਼ ਭਰਿਆ, ਨਿਡਰ ਅਤੇ ਅੱਗ ਉਗਲਣ ਵਾਲਾ ਬੰਦਾ ਸੀ। ਉਹਨੇ ਜੋ ਕੁਝ ਵੀ ਵੇਖਿਆ, ਉਹਨੂੰ ਵਧਾ ਚੜ੍ਹਾਕੇ ਪੇਸ਼ ਕੀਤਾ। ਉਸ ਲਈ ਜ਼ਿੰਦਗੀ ਮਹਾਨ ਭਾਵਾਂ ਨਾਲ ਭਰਪੂਰ ਸੀ। ਉਨ੍ਹਾਂ ਭਾਵਾਂ ਨੂੰ ਉਸਨੇ ਬੜੀ ਬਲਵਾਨ ਤੇ ਸ਼ਾਨਦਾਰ ਭਾਸ਼ਾ ਵਿਚ ਬਿਆਨ ਕੀਤਾ, ਜਿਸ ਦੀ ਤੁਲਨਾ ਕੇਵਲ ਬਹੁਤ ਸਾਰੇ ਸਾਜ਼ਾਂ ਦੇ ਆਰਕੇਸਟਰਾ ਨਾਲ ਹੀ ਕੀਤੀ ਜਾ ਸਕਦੀ ਹੈ। ਜਿਸ ਦਾ ਸੰਚਾਲਕ ਉਹ ਆਪ ਹੀ ਹੋਵੇ। ਉਸ ਵਿਚ ਨਗਾਰਿਆਂ ਦਾ ਆਨੰਦ ਭਰਿਆ ਜੋਸ਼ ਵੀ ਹੈ ਅਤੇ ਢੋਲਕਾਂ ਦੀ ਗਰਜ ਵੀ, ਬੰਸਰੀਆਂ ਦੀਆਂ ਹਿਰਦੇ ਵੇਦਕ ਉਦਾਸ ਸੁਰਾਂ ਵੀ, ਤੇ ਸ਼ਹਿਨਾਈਆਂ ਦੀਆਂ ਮਧੁਰ ਆਵਾਜ਼ਾਂ ਵੀ ਹਨ। ਇਸ ਆਰਕੇਸਟਰਾ ਦਾ ਬਲਵਾਨ ਸੰਗੀਤ, ਸਾਗਰ ਦੀ ਗਰਜ ਵਾਂਗ, ਵਿਸ਼ਵ ਨੂੰ ਹਲੂਣ ਦਿੰਦਾ ਹੈ। ਕਮਜ਼ੋਰ ਦਿਲ ਕੰਬਕੇ ਰਹਿ ਜਾਂਦੇ ਨੇ। ਕਮਜ਼ੋਰ ਦਿਲਾਂ ਲਈ ਉਹਦੇ ਮਨ 'ਚ ਕੋਈ ਹਮਦਰਦੀ ਨਹੀਂ ਹੈ। ਉਹਦੀ ਤਾਂਘ ਸੀ ਕਿ ਕੁਲ ਲੁਕਾਈ ਦੇ ਅੰਦਰ ਬੇਇਨਸਾਫੀ ਦੇ ਵਿਰੁਧ ਰੋਹ ਭਰ ਦੇਵੇ ਲੋਕਾਂ ਦੇ ਦਿਲਾਂ ਵਿਚ ਭਾਂਬੜ ਬਾਲ ਦੇਵੇ ਅਤੇ ਸਭਨਾਂ ਹਿਰਦਿਆਂ ਨੂੰ ਸੁਤੰਤਰਤਾ ਦੇ ਸਜੀਵੀ ਭਾਵਾਂ ਦੀ ਲੋਚਾ ਨਾਲ ਭਰਪੂਰ ਕਰ ਦੇਵੇ। ਉਹ ਆਜ਼ਾਦੀ ਲਈ ਜੂਝਣ ਵਾਲਾ ਸੱਚਾ ਸਿਪਾਹੀ ਸੀ। ਉਹ ਹੀ ਆਜ਼ਾਦੀ ਦਾ ਗੀਤ ਗਾਕੇ ਲੋਕਾਂ ਨੂੰ ਕਹਿ ਸਕਦਾ ਸੀ : 'ਲੋਕੋ! ਉਠੋ ਤੇ ਹਥਿਆਰ ਚੁਕ ਲਵੋ!'

ਵਿਕਟਰ ਹਿਊਗੋ ਇਕ ਹਨੇਰੀ ਵਾਂਗ ਆਪਣੇ ਦੌਰ ਵਿਚ ਦਾਖਿਲ ਹੋਇਆ ਤੇ ਛਾ ਗਿਆ, ਭਾਵੇਂ ਕਿ ਉਸ ਦਾ ਦੌਰ ਕਲਾਸਕੀ ਤੇ ਰੁਖਾ ਹੀ ਸੀ। ਉਹਦੇ ਭਾਵਾਂ ਵਿਚ


Sri Satguru Jagjit Singh Ji Elibrary NamdhariElibrary@gmail.com

ਮੋਹਲੇਧਾਰ ਵਰਖਾ ਸੀ । ਉਸ ਦਾ ਪ੍ਰਭਾਵ ਇਸੇ ਤਰ੍ਹਾਂ ਦਾ ਹੀ ਸੀ ਜਿਵੇਂ ਕਿ ਵਰਖਾ 'ਚ ਝੂਲਦੇ ਪੱਤੇ, ਗਜਦੇ ਬਦਲ, ਮਹਿਕਦੇ ਫੁੱਲਾਂ ਦੀ ਖੁਸ਼ਬੋ ਵੀ ਹੋਵੇ ਪਰ ਨਾਲ ਹੀ ਬਾਰੂਦ ਦੀ ਮਹਿਕ ਅਤੇ ਹੋਰ ਨਾਲ ਝੂਲਦੇ ਨਿਸ਼ਾਨ ਵੀ ਹੋਣ।

ਵਿਕਟਰ ਹਿਊਗੋ ਨੇ ਰੁਮਾਂਟਿਕ ਦੌਰ ਨੂੰ ਜਨਮ ਦਿਤਾ ਅਤੇ ਯੂਰਪ ਦੇ ਖਲੋਤੇ ਹੋਏ, ਬਦਬੂ ਮਾਰ ਰਹੇ ਪਾਣੀਆਂ ਵਿਚ ਹਰਕਤ ਪੈਦਾ ਹੋ ਗਈ। ਉਹਨੇ ਲੋਕਾਂ 'ਚ ਮਹਾਨ ਸੁਪਨੇ ਜਗਾਏ ।

ਆਪਣੇ ਬਚਪਨ ਵਿਚ ਹੀ ਮੈਂ ਉਹਦਾ ਨਾਵਲ 'ਦੁਖੀਏ' ਨਿਰੰਤਰ ਰੂਪ 'ਚ ਪੰਜਵਾਰ ਪੜ੍ਹਿਆ ਤੇ ਫੇਰ ਉਸੇ ਦਾ ਹੀ ਹੋ ਗਿਆ। ਨਾਵਲ ਨੂੰ ਖਤਮ ਕਰਕੇ ਮੈਂ ਉਸੇ ਵੇਲੇ ਫੇਰ ਸ਼ੁਰੂ ਕਰ ਲੈਂਦਾ। ਮੈਨੂੰ ਕਿਤਿਉਂ ਪੈਰਿਸ ਦਾ ਇਕ ਨਕਸ਼ਾ ਵੀ ਲਭ ਪਿਆ ਸੀ। ਮੈਂ ਉਸ ਨਕਸ਼ੇ ਤੇ ਨਾਵਲ ਵਿਚ ਵਾਪਰਣ ਵਾਲੀਆਂ ਘਟਨਾਵਾਂ ਦੀਆਂ ਥਾਵਾਂ ਉਪਰ ਨਿਸ਼ਾਨ ਲਾ ਲਏ ਸਨ। ਮੈਂ ਨਕਸ਼ਾ ਵੇਖਦਾ ਤੇ ਮਹਿਸੂਸ ਕਰਦਾ ਕਿ ਮੈਂ ਖੁਦ ਵੀ ਨਾਵਲ ਦੀਆਂ ਘਟਨਾਵਾਂ ਵਿਚ ਹਿੱਸਾ ਲੈ ਰਿਹਾਂ ਹਾਂ। ਜੀਨ ਵਲ ਜੀਨ, ਕੋਜ਼ੇਤ ਅਤੇ ਗਾਵਰੋਚ ਵਰਗੇ ਮਹਾਨ ਪਾਤਰ ਮੈਨੂੰ ਅਜ ਵੀ ਉਂਨੇ ਹੀ ਚੰਗੇ ਲਗਦੇ ਨੇ ਜਿੰਨੇ ਕਿ ਮੇਰੇ ਬਚਪਨ ਦੇ ਮਿਤਰ।

ਵਿਕਟਰ ਹਿਊਗੋ ਨੂੰ ਪੜ੍ਹ ਕੇ ਮੈਨੂੰ ਮਹਿਸੂਸ ਹੋਇਆ ਕਿ ਪੈਰਿਸ ਨੂੰ ਵੀ ਮੈਂ ਉਸੇ ਤਰ੍ਹਾਂ ਹੀ ਮੋਹ ਨਾਲ ਮੁਹੱਬਤ ਕਰਦਾ ਸਾਂ ਜਿਵੇਂ ਕਿ ਆਪਣੀ ਮਾਤਭੂਮੀ ਨੂੰ। ਏਨੇ ਵਰੇ ਬੀਤਣ ਨਾਲ ਵੀ ਮੇਰੇ ਮਨ ਵਿਚ ਉਸ ਸ਼ਹਿਰ ਲਈ ਪਿਆਰ ਘਟਿਆ ਨਹੀਂ, ਸਗੋਂ ਹੋਰ ਡੂੰਘਾ ਹੀ ਹੋਇਆ। ਵਿਕਟਰ ਹਿਊਗੋ ਦਾ ਵਿਖਾਇਆ ਹੋਇਆ ਪੈਰਿਸ, ਮੁੜਕੇ ਬਾਲਜ਼ਾਕ, ਮੋਪਾਸਾਂ, ਡਿਊਮਾ, ਫਲਾਬੇਅਰ, ਜ਼ੋਲਾ, ਜੂਲੇ ਵਾਲੇਸ, ਅਨਾਤੋਲੇ ਫਰਾਂਸ, ਰੋਮੇ ਰੋਲਾਂ, ਦੇਦੇ, ਵਿਲੋਂ, ਰਿੰਬੋ, ਮੇਰੀਮੀ ਸਤਾਂਦਾਲ, ਬਾਰਬੂਸ ਅਤੇ ਬੇਰਾਂਜਾ ਕਰਕੇ ਮੇਰੇ ਲਈ ਹੋਰ ਵੀ ਮਹਾਨ ਬਣ ਗਿਆ ।

ਆਪਣੀ ਇਕ ਕਾਪੀ ਵਿਚ ਮੈਂ ਪੈਰਿਸ ਬਾਰੇ ਲਿਖੀਆਂ ਹੋਈਆਂ ਕਵਿਤਾਵਾਂ ਕੱਠੀਆਂ ਕਰਕੇ ਰਖੀਆਂ ਹੋਈਆਂ ਸਨ। ਭਾਵੇਂ ਕਿ ਮੇਰੀ ਉਹ ਕਾਪੀ ਕਿਤੇ ਗੁਆਚ ਗਈ ਹੈ ਪਰ ਕਈ ਕਵਿਤਾਵਾਂ ਹਾਲੇ ਵੀ ਚੇਤੇ ਨੇ। ਉਹ ਕਵਿਤਾਵਾਂ ਔਖੀਆਂ ਵੀ ਸਨ ਅਤੇ ਸਾਦੀਆਂ ਵੀ।

ਤੁਸੀਂ
ਪਰੀ-ਕਹਾਣੀਆਂ ਦੇ ਸ਼ਹਿਰ 'ਚ ਆਵੋਗੇ,
ਜਿਸ ਬਾਰੇ ਅਜ਼ਲਾਂ ਤੋਂ ਅਰਦਾਸਾਂ ਹੁੰਦੀਆਂ ਰਹੀਆਂ ।
ਤੁਸੀਂ ਨਵੇਂ-ਨਰੋਏ ਹੋ ਜਾਵੋਗੇ ।
ਆਤਮਾ ਦੇ ਭਰਮ ਭੁਲੇਖੇ ਭੁਲ ਜਾਣਗੇ
ਤੁਸੀਂ ਸੈਰ ਕਰੋਗੇ ਲਕਜ਼ਮ ਬਰਗ ਦੇ
ਬਾਗਾਂ ਦੀ
ਦੂਰ ਦੂਰ ਤਕ ਤਰੋਗੇ
ਫਵਾਰਿਆਂ ਦੀ ਛਹਿਬਰ ਵਿਚੋਂ
ਵਿਚਰੋਗੇ ਤੁਸੀਂ ਚਿਨਾਰਾਂ ਦੀਆਂ ਛਾਵਾਂ ਵਿਚ
ਜਿਵੇਂ ਨਰਜਰ ਦੀ ਪੁਸਤਕ ਵਿਚ
ਕਿਸੇ ਮਿਮੀ ਦਾ ਆਕਾਰ ।

ਜਿਨ੍ਹਾਂ ਨੇ ਪੈਰਿਸ ਨਹੀਂ ਵੇਖਿਆ, ਉਹ ਵੀ ਪੈਰਿਸ ਨਾਲ ਮੁਹੱਬਤ ਕਰਦੇ ਨੇ, ਅਤੇ ਇਸ ਦਾ ਬਹੁਤਾ ਸਿਲਾ ਵਿਕਟਰ ਹਿਊਗੋ ਨੂੰ ਹੀ ਹੈ। ਉਹੀ ਹੀ ਸਭ ਤੋਂ ਪਹਿਲਾ ਫਰਾਂਸੀਸੀ ਹੈ ਜਿਸਨੇ ਸ਼ਹਿਰ ਨੂੰ ਵੀ ਬੰਦਿਆਂ ਵਾਂਗ ਮੁਹੱਬਤ ਕਰਨ ਦਾ ਵਲ ਸਿਖਾਇਆ। ਇਸ ਕਰਕੇ ਅਸੀਂ ਉਸਦੇ ਸਦਾ ਹੀ ਦੇਣਦਾਰ ਹਾਂ ।





Sri Satguru Jagjit Singh Ji Elibrary NamdhariElibrary@gmail com

# ਕੱਚੇ ਅੱਖਰ

"ਕੱਚੇ ਅੱਖਰ" ਮੁਰਸ਼ਦ ਬੁਟਰਵੀ ਦਾ ਲਿਖਿਆ ਗਜ਼ਲਾਂ ਦਾ ਕਾਵਿ ਸੰਗ੍ਰਹਿ ਹੈ। ਇਸ ਦੇ ਵਿਚ ਕੋਈ ਸੌ ਦੇ ਕਰੀਬ ਗ਼ਜ਼ਲਾਂ ਹਨ।

ਪੰਜਾਬੀ ਗਜ਼ਲਾਂ ਦਾ ਵਿਸ਼ਾ ਬਹੁਤਾਂ ਕਰਕੇ ਉਰਦੂ ਗ਼ਜ਼ਲ ਵਾਂਗ ਸ਼ਰਾਬ, ਸਾਕੀ ਜ਼ੁਲਫ ਅਤੇ ਆਸ਼ਕ ਮਾਸ਼ੂਕ ਦੇ ਚੋਚਲਿਆਂ ਤਕ ਹੀ ਸੀਮਤ ਰਿਹਾ ਹੈ ਪੰਜਾਬੀ ਵਿਚ ਬਹੁਤ ਹੀ ਘੱਟ ਗ਼ਜ਼ਲਗੋ ਹਨ ਜੋ ਕਿ ਇਸ ਰਵਾਇਤੀ ਤੇ ਵੇਲਾ ਵਹਾ ਚੁਕੇ ਚੁਗਿਰਦੇ ਵਿਚੋਂ ਬਾਹਰ ਨਿਕਲੇ ਹਨ। ਪਰ ਮੁਰਸ਼ਦ ਬੁਟਰਵੀ ਆਪਣੀਆਂ ਰਚਨਾਂ ਵਿਚ ਕੇਵਲ ਪੁਰਾਣੀਆਂ ਰਵਾਇਤਾਂ ਤਕ ਹੀ ਸੀਮਤ ਨਹੀਂ ਰਿਹਾ ਸਗੋਂ ਅੱਗੇ ਵਧਿਆ ਹੈ ਤੇ ਉਸ ਨੇ ਆਪਣੀਆਂ ਗ਼ਜ਼ਲਾਂ ਵਿਚ ਜ਼ਮਾਨੇ ਦੀ ਪੀੜ ਨੂੰ ਡੂੰਘੀ ਨਜ਼ਰ ਨਾਲ ਟੋਹਿਆ ਹੈ ਤੇ ਕਈ ਮੌਕਿਆਂ ਤੇ ਇਸ ਦਾ ਹੱਲ ਦਸਣ ਦੀ ਕੋਸ਼ਿਸ਼ ਵੀ ਕੀਤੀ ਹੈ। ਉਸ ਨੂੰ ਜ਼ਿੰਦਗੀ ਦੇ ਸੰਘਰਸ਼ ਵਿਚ ਉਹ ਤਾਕਤਾਂ ਸਾਫ ਵਖਾਈ ਦਿੰਦੀਆਂ ਹਨ ਜਿਨ੍ਹਾਂ ਨੇ ਹੁਸਨ ਨੂੰ ਨੂੜ ਰਖਿਆ ਹੈ, ਪਿਆਰਾਂ ਨੂੰ ਕਤਲ ਕੀਤਾ ਹੈ ਅਤੇ ਅਲੂੰਏਂ ਜਜ਼ਬਿਆਂ ਨੂੰ ਚਰੂੰਡਿਆ ਹੈ। ਉਹ ਪੂਰੇ ਵਿਸ਼ਵਾਸ਼ ਨਾਲ ਕਹਿੰਦਾ ਹੈ ਕਿ ਜਿੰਨਾ ਚਿਰ ਤਕ ਇਹਨਾਂ ਕਾਲੀਆਂ ਸ਼ਕਤੀਆਂ, ਇਹਨਾਂ ਹੁਸਨ ਦੌਲਤ ਦੇ ਲੁਟੇਰਿਆਂ ਨੂੰ ਹੂੰਝਕੇ ਇਕ ਪਾਸੇ ਨਹੀਂ ਕਰ ਦਿਤਾ ਜਾਂਦਾ ਉਨਾ ਚਿਰ ਤਕ 'ਹੁਸਨ' ਦੇ ਚਿਹਰੇ ਤੇ ਲਾਲੀ ਨਹੀਂ ਆ ਸਕਦੀ ਤੇ ਮਨੁਖਤਾ ਦਾ ਚਿਹਰਾ ਸਾਕੀ ਦੇ ਜਾਮ ਵਾਂਗ ਟਹਿਕ ਨਹੀਂ ਸਕਦਾ। ਮੁਰਸ਼ਦ ਨੂੰ ਮੌਜੂਦਾ ਲੋਟੂ ਤਾਕਤਾਂ ਇਕ ਕੋਣ ਵਖਾਈ ਦਿੰਦੀਆਂ ਹਨ ਤੇ ਉਹ ਇਸ ਕੋਣ ਵਿਰੁਧ ਆਪਣੀ ਘਿਰਣਾ ਦਾ ਪਰਗਟਾਵਾ ਕਰਦਾ ਹੈ ਅਤੇ ਇਸ ਤਰ੍ਹਾਂ ਸੱਚ ਦਾ ਪੱਲਾ ਫੜਦਾ ਹੈ।

ਇਹ ਸਭ ਕੁਝ ਉਸਦੀਆਂ ਗ਼ਜ਼ਲਾਂ ਦੀਆਂ ਕੁਝ ਸੱਤਰਾਂ ਤੋਂ ਪਰਗਟ ਹੈ।

ਹੁੰਦੇ ਨੇ ਐਲਾਨ ਬਹੁਤ
ਮੌਤ ਨਾ ਆਵੇ ਭਾਵਾਂ ਵਿਚ

... ...

ਰੰਗ ਰੂਪ ਜਮਹੂਰੀ ਹੈ
ਸੋਖੀ ਬੇਦਸਤੂਰੀ ਹੈ

... ...

ਕਿਰਤੀ ਦੇ ਹੱਥਾਂ ਦੀ ਪੂਜਾ
ਹੁਣ ਹੋਵੇਗੀ ਸਾਂਝ ਸਵੇਰੇ

... ...

ਵੇਲੇ ਦੇ ਫਨੀਅਰ ਨੂੰ ਕੀਲੋ
ਜੇ ਚਾਹੁੰਦੇ ਹੋ ਸੁੱਖ ਘਨੇਰੇ

... ...

ਅਜ਼ਲਾਂ ਤੋਂ ਹੀ ਬੈਠੇ ਹਾਂ
ਦਿਲ੍ਹਾਂ ਵਿਚ ਲੁਕਾਕੇ ਅੱਗੇ

... ...

ਢਿੱਡਾਂ ਦੇ ਤੰਦੂਰਾਂ ਨੂੰ
ਠੰਡਾ ਕੀਤੀ ਪਾਕੇ ਅੱਗੇ

... ...

ਜ਼ਾਲਮ ਦਨ ਦਨ ਕਰਦੇ ਨੇ
ਮਜ਼ਲੂਮਾਂ ਗਲ ਫਾਹੀਆਂ ਨੇ

... ...

ਕਿਰਤੀ ਕਾਮੇ ਲਾਣੀ ਗੋਲੀ
ਦੇਵੀ ਪੂਜਣ ਵਿਲਗੇ ਮੁਰਕੇ
ਹੋਟਲ ਮੋਟਲ ਸਸਤੇ ਚੁੰਮਣ
ਗੰਦੀਆਂ ਫੂੰਗੀਆਂ ਝਿੜਕਾਂ ਫੋਲੇ

... ...

ਧਰਤੀ ਨੂੰ ਬਦਲਨਾ ਪੈਣਾ ਏ
ਅਸਮਾਨ ਬਦਲਨੇ ਪੈਣੇ ਨੇ

... ...

ਇਹ ਲੋਭੀ ਹਲਵੇ ਪੂਰੀ ਦੇ
ਭਗਵਾਨ ਬਦਲਨੇ ਪੈਣੇ ਨੇ

ਗ਼ਜ਼ਲਾਂ ਦੇ ਸ਼ੇਅਰਾਂ ਦੀਆਂ ਉਪਰੋਕਤ ਕੁਝ ਵੰਨਗੀਆਂ ਤੋਂ ਸਾਫ ਹੈ ਕਿ ਲੇਖਕ ਦਾ ਰੁਖ ਕਿਧਰ ਹੈ ਤੇ ਉਸ ਨੂੰ ਅਜੋਕੇ ਸਮੇਂ ਦੀ ਕਿੰਨੀ ਕੁ ਪਕੜ ਹੈ। ਮੁਰਸ਼ਦ ਬੁਟਰਵੀ ਨੇ ਸਾਡੇ ਸਮਾਜ ਅੰਦਰ ਜੋ ਕੁਝ ਵਾਪਰ ਰਿਹਾ ਹੈ ਉਸ ਦੀ ਤਸਵੀਰ ਹੀ ਸਾਹਮਣੇ ਨਹੀਂ ਰਖੀ ਸਗੋਂ ਇਸ ਨੂੰ ਬਦਲਨ ਦੀ ਗਲ ਵੀ ਕੀਤੀ ਹੈ।

ਕਈ ਗਜ਼ਲਾਂ ਵਿਚ ਨੁਕ ਤੇ ਰਵਾਨਗੀ ਲੋਹੜੇ ਦੀ ਹੈ। ਸ਼ਬਦਾਂ ਦੀ ਚੋਣ ਏਨੀ ਢੁਕਵੀਂ ਹੈ ਕਿ ਉਹ ਗਜ਼ਲਾਂ ਵਿਚ ਨਗੀਨਿਆਂ ਵਾਂਗ ਜੜੇ ਵਖਾਈ ਦਿੰਦੇ ਹਨ।

ਕਈ ਗ਼ਜ਼ਲਾਂ ਵਿਚ ਉਰਦੂ ਦੇ ਕੁਝ ਸ਼ਬਦ ਬੜੇ ਓਪਰੇ ਲਗਦੇ ਹਨ, ਪਰ ਫੇਰ ਵੀ ਉਹ ਘੁਲੇ ਮਿਲੇ ਵਖਾਈ ਦਿੰਦੇ ਹਨ। ਗ਼ਜ਼ਲਾਂ ਵਿਚ ਉਰਦੂ ਭਾਅ ਨਵੇਂ ਲੇਖਕਾਂ ਨੂੰ ਜ਼ਰੂਰ ਕੁਝ ਰੜਕਦੀ ਹੈ ਜੋ ਕਿ ਉਰਦੂ ਨਹੀਂ ਜਾਣਦੇ।

'ਕੱਚੇ ਅਖਰ' ਪੇਸ਼ ਕਰਕੇ ਮੁਰਸ਼ਦ ਬੁਟਰਵੀ ਨੇ ਪੰਜਾਬੀ ਗ਼ਜ਼ਲ ਦੇ ਰੰਗ ਨੂੰ ਨਿਖਾਰਿਆ ਹੀ ਨਹੀਂ ਸਗੋਂ ਵਿਸ਼ੇ ਦੇ ਪਖ ਤੋਂ ਵੀ ਇਕ ਚੰਗੇ ਪਾਸੇ ਵਲ ਮੋੜ ਕਟਿਆ ਹੈ।

ਗਜ਼ਲ ਨੂੰ 'ਮੈਖਾਨੇ ਤੇ ਜ਼ੁਲਫਾਂ' ਤੇ ਤੰਦੂਆ ਜਾਲ ਵਿਚੋਂ ਬਾਹਰ ਲਿਆਉਣ ਦਾ ਜਿਹੜਾ ਨਵਾਂ ਪਰਵਾਹ ਚੱਲਿਆ ਹੈ ਉਸ ਨਾਲ ਪੰਜਾਬੀ ਗ਼ਜ਼ਲ ਹੋਰ ਵੀ ਹਰਮਨ ਪਿਆਰੀ ਹੋਵੇਗੀ। ਇਸ ਸੇਧ ਵਿਚ ਜਿਹੜੀ ਅਗਵਾਈ ਮੁਰਸ਼ਦ ਬਟਰਵੀ ਤੇ ਹੋਰ ਲੇਖਕ ਕਰ ਰਹੇ ਹਨ ਉਹ ਸਲਾਹੁਣ ਯੋਗ ਹੈ।

—ਸੁਹੇਲ ਸਿੰ…



Sri Satguru Jagjit Singh Ji Elibrary NamdhariElibrary@gmail com



ਸੇਠ ਸੁਰਿੰਦਰ ਸਿੰਘ ਮਨਚੰਦਾ
ਸ੍ਰੀ ਹਰੀ ਪ੍ਰਤਾਪ ਟਰੇਡਿੰਗ ਸੈਂਟਰ
ਨਵੀਂ ਦਿਲੀ





ਸ. ਮਨਮੋਹਨ ਸਿੰਘ ਤੇ ਸ. ਭੁਪਿੰਦਰ ਸਿੰਘ
ਨਾਮਧਾਰੀ ਏਜੰਸੀਜ਼ ਦਿੱਲੀ

# ਵਰਿਆਮ ਦੇ ਪਰਮ ਸਹਿਯੋਗੀ



ਸ. ਸਾਧੂ ਸਿੰਘ ਕਿਸਾਨ
ਰਾਮ ਪੁਰ (ਸ੍ਰੀ ਜੀਵਨ ਨਗਰ)



ਸੂਬਾ ਹਰਬੰਸ ਸਿੰਘ ਦੋਸ਼ੀ
ਲਖਨਊ



ਸ. ਭਗਤ ਸਿੰਘ ਮੌਲੀ ਬੈਦਵਾਨ (ਰੋਪੜ)
ਵਰਿਆਮ ਦੇ ਅਨੇਕਾਂ ਗਾਹਕ ਬਣਾਏ ।



Sri Satguru Jagjit Singh Ji Elibrary NamdhariElibrary@gmail com

Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS







QUALITY MARKED

DEPARTMENT OF AGRICULTURE PUNJAB GOVT

QUALITY

MARK

ਕੁਆਲਟੀ ਮਾਰਕਡ

ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ

ਬਨਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2737

**HABI INDUSTRIES (Regd.)**

10, Industrial Area,

PHAGWARA—144401.



Sri Satguru Jagjit Singh Ji Elibrary NamdhariElibrary@gmail com

# World's first with 7 ICs :

## *Standard*

# TV



## What 7 ICs mean to you :

- Incomparable Picture Quality—greater depth and contrast.
- Faster Picture Presentation • Instant Sound—because of zero warm-up.
- Longer Set Life—thanks to minimum heat generation.
- Lowest Power Consumption—saves enough for our annual maintenance contract.
- Fewer Break Downs—longer time between failures (MTBF) because of fewer components,
- Low Cost After-Sales Service—because of single PCB circuit
- Built-in Voltage Stabiliser—operates from 200—240 volts.

You get all these exclusive features plus a 51 cm screen 12-Channels, Sunmica cabinet with sliding shutters:

S T A N D A R D —One step ahead always.


Sri Satguru Jagjit Singh Ji Elibrary NamdhariElibrary@gmail com

REPUTED MANUFACTURERS OF :

SUPERIOR QUALITY

SINGLE BARREL &

DOUBLE BARRE'L

B. L. 12 BORE

# GUNS

Grams : SNIPER Phone : 3805

## MODERN GUN WORKS

Opp. Industrial Estate,

JAMMU CANTT.



# ਵਰਿਆਮ

ਸੂਬਾ ਸਾਹਿਬ ਸਿੰਘ





## ਵਰਿਆਮ ਦਾ

## ਸੂਬਾ ਸਾਹਿਬ ਸਿੰਘ ਅੰਕ

- ਵਿਦਵਾਨਾਂ ਦੇ ਖੋਜ ਪੂਰਨ ਲੇਖ
- ਸਤਿਗੁਰੂ ਜਗਜੀਤ ਸਿੰਘ ਜੀ ਦਾ ਅਫਰੀਕਾ ਦੌਰਾ ਅਤੇ ਹੋਰ ਲੇਖ,
- ਰੰਗੀਨ ਤਸਵੀਰਾਂ ।

ਕੀਮਤ . ਕੇਵਲ ਪੰਜ ਰੁਪਏ .

ਮਿਲਣ ਦਾ ਪਤਾ .

ਮਾਸਕ ਵਰਿਆਮ, ਲਾਡੋਵਾਲੀ ਰੋਡ ਜਲੰਧਰ ।

ਸਾਲਾਨਾ ਚੰਦਾ ੧੫/-





Sri Satguru Jagjit Singh Ji Elibrary NamdhariElibrary@gmail com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।


# ASOKA BISCUIT




ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੇ

Phones : 565893
562588

*Sri Hari Partap Trading Centre*

**6/85 W. E. A. KAROL BAGH**

**NEW DELHI-110005**



ਵਰਿਆਮ ਜੂਨ ੧੯੮੦



Sri Satguru Jagjit Singh Ji Elibrary NamdhariElibrary@gmail.com

Registered with the registrar of News Papers for India No. 26453/75

WITH BEST COMPLIMENTS

FROM

*Harbhajan Sarabjit Associates*

ENGINEERS & CONTRACTORS

124, Dussehra Ground, K O T A - 9

(Rajasthan)

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।


# ASOKA BISCUIT




ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ

Phones : 565693
562588

*Sri Hari Partap Trading Centre*

**6/85 W. E. A. KAROL BAGH**

**NEW DELHI-110005**




Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM June
Registered with the registrar of News Papers for India No. 26453/75

WITH BEST COMPLIMENTS

FROM

*Harbhajan Sarabjit Associates*

ENGINEERS & CONTRACTORS
124, Dussehra Ground, K O T A - 9
(Rajasthan)

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ

Sri Satguru Jagjit Singh Ji Elibrary NamdhariElibrary@gmail.com